1920 ਤੋਂ

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 105
ਨੰਬਰ 18-19

੧੬ ਤੋਂ ਕੱਤਕ ੧੫ ਮੱਘਰ ੨੦੮੨ ਬਿ.
1 to 30 November 2025

# ਸਤਿ ਜੁਗ



10/-

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ















ਮਿਤੀ: **12 ਅਕਤੂਬਰ 2025**, ਸਥਾਨ: **ਸ੍ਰੀ ਭੈਣੀ ਸਾਹਿਬ**













# ਸਤਿਜੁਗ

੧੬ ਤੋਂ ਕੱਤਕ ੧੫ ਮੱਘਰ ੨੦੮੨ ਬਿ.
1 ਤੋਂ 30 ਨਵੰਬਰ 2025 ਈ.
ਜਿਲਦ 105, ਨੰਬਰ 18-19

ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ

*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*
THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***
ਤਰਨ ਬੱਲ
ਯੁਵਰਾਜ ਸਿੰਘ

ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***

# ਤਤਕਰਾ

* ਸੰਪਾਦਕੀ....................................................4
* ਗੁਰਬਾਣੀ ਵਿਆਖਿਆ..........................................6
* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ.............................8
* 'ਕੂਕਾ ਕਾਰ' ਦੇ ਮਰਮ ਦੀ ਲੋਅਵਾਨ ਪ੍ਰਾਪਤੀ ਕੂਕਾ ਲਹਿਰ ਦੇ ਅਮਰ ਨਾਇਕ - I, II, III
  ਸੁਮੇਲ ਸਿੰਘ ਸਿੱਧੂ..................................10
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..............................17
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ..........................20
* **Hepatologist 'The Liver Doc' warns young gym-goers after Varinder Singh Ghuman's death: 'Muscles don't always mean...'**
  **Akanksha Agnihotri .....................................27**
* **MURDER OFBEEF BUTCHERS BY KUKAS**
  **Dr. Gurdev Singh Sidhu.........................................28**
* ਖ਼ਬਰਨਾਮਾ...................................................33
* **Matrimonial..............................................................45**
* ਸੇਵਾ ਸਨਮਾਨ..................................................46

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ


## ਸੰਪਾਦਕੀ

ਸੈਫ਼ ਦੀਨ ਫ਼ਕੀਰ ਅਤੇ ਉਸ ਦੇ ਸੂਫੀ ਸਾਥੀ ਸ੍ਰੀ ਗੁਰੂ ਤੇਗ ਬਹਾਦਰ ਜੀ ਕੋਲ ਆਏ। ਇੱਕ ਸੂਫੀ ਸਾਥੀ ਨੇ ਗੁਰੂ ਜੀ ਨੂੰ ਪੁੱਛਿਆ ਤੁਸੀਂ ਤੋਹੀਦ ਵਿਚ ਯਕੀਨ ਰੱਖਦੇ ਹੋ ਜਾਂ ਨਹੀਂ? ਸਤਿਗੁਰੂ ਜੀ ਆਖਿਆ ਫ਼ਕੀਰ ਜੀ ਤੋਹੀਦ ਤੋਂ ਤੁਹਾਡਾ ਕੀ ਭਾਵ ਹੈ? ਉਸ ਫਕੀਰ ਨੇ ਕਿਹਾ "ਇੱਕ ਰੱਬ 'ਤੇ ਯਕੀਨ ਤੇ ਹੋਰ ਕਿਸੇ ਨੂੰ ਨਾ ਮੰਨਣਾ।" ਗੁਰੂ ਜੀ ਬਚਨ ਕੀਤਾ "ਫਕੀਰ ਜੀ ਉਸ ਇਕ ਰੱਬ ਤੋਂ ਬਿਨ੍ਹਾਂ ਵੀ ਕੋਈ ਹੋ ਸਕਦਾ ਹੈ।" ਗੁਰੂ ਜੀ ਫਕੀਰ ਨੂੰ ਕਿਹਾ ਤੋਹੀਦ ਇਹ ਨਹੀਂ ਕਿ ਰੱਬ ਤੇ ਯਕੀਨ ਵੀ ਰੱਖਣਾ ਤੇ ਬਾਕੀ ਸਾਰੇ ਪਸਾਰੇ ਨੂੰ ਵੀ ਸੱਚ ਮੰਨਣਾ। ਅਸਲ ਤੋਹੀਦ ਹੈ ਉਸ ਤੋਂ ਬਿਨਾਂ ਬਾਕੀ ਸਭ ਨੂੰ ਕੂੜ ਨਾਸ਼ਵੰਤ ਸਮਝੇ-

ਰੇ ਨਰ ਇਹ ਸਾਚੀ ਜੀਅ ਧਾਰਿ।
ਸਗਲ ਜਗਤ ਹੈ ਜੈਸੇ ਸੁਪਨਾ ਬਿਨਸਤ ਲਗਤ ਨ ਬਾਰ
ਬਾਰੂ ਭੀਤ ਬਨਾਈ ਰਚਿ ਪਚਿ ਰਹਤ ਨਹੀਂ ਦਿਨ ਚਾਰਿ
ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ॥

ਗੁਰੂ ਤੇਗ ਬਹਾਦਰ ਜੀ ਦੀ ਸਾਰੀ ਬਾਣੀ ਸਾਨੂੰ ਤੌਹੀਦ ਪ੍ਰਸਤੀ ਦਾ ਸਬਕ ਸਿਖਾਉਂਦੀ ਹੈ। ਆਪ ਜੀ ਬਾਣੀ ਵਿਚ ਵਾਰ-ਵਾਰ ਆਉਂਦੀ ਪ੍ਰਤੀਕਾਵਲੀ, ਸੰਸਾਰ ਦੀ ਨਾਸ਼ਵਾਨਤਾ ਅਤੇ ਪ੍ਰਬਲ ਵੈਰਾਗਮਈ ਰੁਚੀ ਵੱਲ ਪ੍ਰੇਰਿਤ ਕਰਦੀ ਹੈ। ਪ੍ਰੋ. ਪੂਰਨ ਸਿੰਘ ਜੀ ਕਹਿੰਦੇ ਹਨ "ਗੁਰੂ ਜੀ ਸੁਆਰਥੀ, ਕਠੋਰ ਚਿੱਤ, ਸੁੱਕੇ ਸੜੇ ਤੇ ਆਤਮਾ ਰਹਿਤ ਨਿਪਟ ਸਰੀਰ ਨਾਲ ਜੁੜੇ ਵਿਅਕਤੀ ਨੂੰ ਇਹ ਆਖਦੇ ਹਨ "ਸੰਪਤੀ ਦੀ ਖਿੱਚ ਤੋਂ ਆਪਣੇ ਆਪ ਨੂੰ ਮੁਕਤ ਕਰੋ, ਇਹ ਤੁਹਾਨੂੰ ਮਾਰ ਰਹੀ ਹੈ, ਇਸ ਤੇ ਤੁਹਾਡਾ ਸਤਿਆਨਾਸ਼ ਕਰ ਦਿੱਤਾ ਹੈ। ਸਭ ਦਾ ਤਿਆਗ ਕਰੋ ਕਿਸੇ ਨੇ ਤੁਹਾਡੇ ਨਾਲ ਨਹੀਂ ਜਾਣਾ। ਓ ਮੂਰਖ ਅਗਿਆਨੀ ! ਜੇ ਤੂੰ ਆਪਣੀ ਆਤਮਾ ਦੀ ਸੰਭਾਲ ਨਹੀਂ ਕੀਤੀ ਤਾਂ ਇਸ ਸਭ ਕੁਝ ਵਿਚ ਕੁਝ ਵੀ ਤੇਰਾ ਆਪਣਾ ਨਹੀਂ ਹੈ।"

ਵੈਰਾਗ ਜੋ ਇਕ ਸ਼ੁੱਧ ਮਨੋਬਿਰਤੀ ਹੈ ਜੋ ਮਨ ਨੂੰ ਝੂਠੀ ਅਤੇ ਕਾਲਪਨਿਕ ਸਥਿਤੀ ਤੋਂ ਮੁਕਤ ਕਰਦੀ ਹੋਈ ਪਰਮਾਰਥ ਦੀ ਖੋਜ ਵੱਲ ਰੁਚਿਤ ਕਰਦੀ ਹੈ। ਭਾਰਤੀ ਦਰਸ਼ਨ ਅਨੁਸਾਰ ਮਾਇਆ ਪਰਿਵਰਤਨਸ਼ੀਲ ਹੈ ਅਤੇ ਇਸ ਦੇ ਰੂਪ ਕਾਲਅਧੀਨ ਹਨ ਭਾਵ ਸਮੇਂ ਨਾਲ ਖਤਮ ਹੋਣ ਵਾਲੇ ਦੂਜੇ ਪਾਸੇ ਬ੍ਰਹਮ ਸਦੀਵੀ ਹੈ ਅਤੇ ਕਾਲ ਤੋਂ ਰਹਿਤ ਅਕਾਲ ਹੈ। ਜੋ ਸਦਾ ਮੌਜੂਦ ਹੈ-

ਆਦਿ ਸਚੁ, ਜੁਗਾਦਿ ਸਚੁ
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

ਵੈਰਾਗ ਦੀ ਅਵਸਥਾ ਜਦੋਂ ਮਨ ਧਾਰਨ ਕਰ ਲੈਂਦਾ ਹੈ ਤਾਂ ਵਚਿੱਤਰ ਮਾਇਆ ਦੇ ਰੂਪਾਂ ਪਿੱਛੇ ਬੈਠੇ ਉਸ ਅਸਲ ਸਰੂਪ ਨੂੰ ਪਹਿਚਾਣ ਲੈਂਦਾ ਹੈ।

"ਇਹ ਜਗੁ ਸਚੇ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸ"

ਵੈਰਾਗ ਅਵਸਥਾ ਵਿਚ ਜਿੱਥੇ ਮਨੁੱਖ ਸੰਸਾਰਕ ਪਦਾਰਥਾਂ ਦੇ ਲੋਭ ਤੋਂ ਮੁੱਕਤ ਹੁੰਦਾ ਹੈ ਓਥੇ ਉਸਤਤਿ, ਨਿੰਦਾ, ਹਰਖ, ਸੋਗ, ਹਉਮੈਂ ਅਤੇ ਝੂਠੀਆਂ ਕਦਰਾਂ ਕੀਮਤਾਂ ਦਾ ਵੀ ਤਿਆਗੀ ਬਣ ਜਾਂਦਾ ਹੈ।

ਗੁਰੂ ਜੀ ਦੀ ਬਾਣੀ ਵਿਚੋਂ ਐਸੀ ਅਵਸਥਾ ਦੀਆਂ ਕੁਝ ਉਦਾਰਨਾਂ ਵੇਖਦੇ ਹਾਂ।

- ਸੁਖੁ ਦੁਖੁ ਪਰਸੈ ਨਹੀ ਲੋਭ ਮੋਹ ਅਭਿਮਾਨੁ
ਕਹੁ ਨਾਨਕ ਸੁਨ ਰੇ ਮਨਾ ਸੋ ਮੂਰਤ ਭਗਵਾਨ॥
- ਉਸਤਤਿ ਨਿੰਦਿਆ ਨਾਹਿ ਜਿਹ ਕੰਚਨ ਲੋਹ ਸਮਾਨਿ
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੇ ਜਾਨਿ॥
- ਹਰਖ ਸੋਗ ਜਾ ਕੇ ਨਹੀ ਬੈਰੀ ਮੀਤ ਸਮਾਨ
ਕਹੁ ਨਾਨਕ ਸੁਨਿ ਰੇ ਮਨਾ ਮੁਕਤਿ ਤਾਹਿ ਤੇ ਜਾਨ॥

ਗੁਰੂ ਤੇਗ ਬਹਾਦਰ ਜੀ ਦੇ ਜੀਵਨ ਵਿਚੋਂ ਸਾਨੂੰ ਇਸ ਅਵਸਥਾ ਦਾ ਨਿਰੰਤਰ ਦਰਸ਼ਨ ਹੁੰਦਾ ਹੈ। ਉਨ੍ਹਾਂ ਦੀ ਰਸਿਕ ਰੂਹ ਨਿਰਵੈਰ, ਪਰਸਪਰ ਪਿਆਰ ਭਾਵਨਾ ਨਾਲ ਲਬਾਲਬ ਸੀ। ਦਰ ਆਏ ਦੁਖੀਆਂ ਦਾ ਦੁੱਖ ਦੂਰ ਕਰਨ ਲਈ ਦਿੱਲੀ ਵੱਲ ਕੁਰਬਾਨੀ ਦੇਣ ਲਈ ਤੁਰ ਪਏ। ਚਾਂਦਨੀ ਚੌਂਕ ਨਿਰਭਉ ਬੈਠੇ ਸਤਿਗੁਰਾਂ ਨੇ ਆਪਣੇ ਸਿੱਖਾਂ ਦੀਆਂ ਲਾਸਾਨੀ ਸ਼ਹਾਦਤਾਂ ਨੂੰ ਵੇਖਿਆ ਅਤੇ ਆਪਣੇ ਸ਼ੀਸ਼ 'ਤੇ ਤਲਵਾਰ ਵੀ ਅਡੋਲ ਬੈਠ ਝੱਲੀ। ਇਸ ਸ਼ਾਂਤਮਈ ਸ਼ਹਾਦਤ ਦਾ ਰੰਗ ਸਾਰੇ ਹਿੰਦੋਸਤਾਨ ਦੇ ਲੋਕਾਂ ਨੂੰ ਚੜ੍ਹਿਆ। ਇਹ ਉਹਨਾਂ ਦੀ ਸ਼ਹਾਦਤ ਦਾ 350 ਵਾਂ ਵਰ੍ਹਾ ਹੈ। ਸਾਰੀ ਕੌਮ ਆਪਣੇ-ਆਪਣੇ ਢੰਗ ਨਾਲ ਮਨਾ ਰਹੀ ਹੈ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਅੱਸੂ ਦੇ ਮੇਲੇ ਸਮੇਂ ਮਹੀਨਾ ਭਰ ਕਥਾ ਵਿਚਾਰ, ਲੈਕਚਰ, ਦੀਵਾਨ, ਕਵੀ ਦਰਬਾਰ ਸਭ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ ਸੀ।

# ਗੁਰਬਾਣੀ ਵਿਆਖਿਆ - ਆਸਾ ਦੀ ਵਾਰ

**ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ॥**
ਅਪਣੇ ਕੋਲ ਹੁੰਦੀ ਵਸਤ ਵਰਤ ਕੇ ਅਤੇ ਨੇਕੀ ਦੀ ਕਮਾਈ ਤੋਂ ਖਾਲੀ ਜਾਣ ਵਾਲੇ
ਲੋਕਾਂ ਨੇ ਇਹ ਕਿਹੜਾ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ?
After consuming the fruits of their previous lives, they depart;
they are led into this task by God Himself.

**ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ॥**
ਸਮੁੰਦਰ, ਧਰਤੀ, ਮਹਾਂਦੀਪਾਂ ਵਿੱਚ ਵੱਖ-ਵੱਖ ਨਸਲਾਂ, ਜਾਤੀਆਂ ਦੇ ਲੋਕ।
Various beings reside in oceans, land, continents and universes,

**ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ॥**
ਉਹ ਸਾਰੇ ਜੋ ਆਖਦੇ ਹਨ ਕਿ ਤੂੰ ਜਾਣੀਜਾਣ ਹੈਂ ਅਤੇ ਸਭ ਨੂੰ ਤੇਰਾ ਹੀ ਆਸਰਾ ਹੈ।
whatever they say, You (God) understand. You are the basis of their living.

**ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਭਗਤਾਂ ਨੂੰ ਤੇਰੀ ਸਿਫ਼ਤ ਕਰਨ ਦੀ ਭੁੱਖ ਹੈ ਅਤੇ ਸੱਚੇ ਨਾਮ ਦਾ ਆਸਰਾ ਹੈ।
Sri Guru Ji says: Your devotees are always eager to sing your praises,
Your Name is their only support

**ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾ ਛਾਰੁ॥੧॥**
ਉਹ ਸਦਾ ਅਨੰਦ ਵਿੱਚ ਰਹਿੰਦੇ ਹਨ ਤੇ ਆਪਣੇ ਆਪ ਨੂੰ ਗੁਣੀਜਨਾਂ ਦੇ ਪੈਰਾਂ ਦੀ ਧੂੜ ਸਮਝਦੇ ਹਨ।
They remain in eternal bliss day and night,
and consider themselves as the dust of the feet of the virtuous.

**ਮਃ ੧॥**

**ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥**
ਮੁਸਲਮਾਨ ਦੀ ਕਬਰ ਦੀ ਮਿੱਟੀ ਜਦੋਂ ਘੁਮਿਆਰ ਪੁੱਟ ਲਿਆਉਂਦੇ ਹਨ।
When the Muslim's burial ground's soft soil reaches the hand of the clay potter,

**ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥**
ਉਹਨਾਂ ਦੇ ਕੁਝ ਤਾਂ ਭਾਂਡੇ ਘੜ ਲਏ ਤੇ ਕੁਝ ਇੱਟਾਂ ਬਣਾ ਲਈਆਂ,
ਭਾਂਡਿਆਂ ਤੇ ਇੱਟਾਂ ਦੀ ਮਿੱਟੀ ਆਵਿਆਂ ਵਿੱਚ ਸੜਦੀ ਹੋਈ ਵੀ ਪੁਕਾਰ ਕਰਦੀ ਹੈ।
That clay is used to make utensils and bricks, the clay cries out as it burns.

**ਜਲਿ ਜਲਿ ਰੋਵੈ ਬਪੁੜੀ ਝੜਿ ਝੜਿ ਪਵਹਿ ਅੰਗਿਆਰ ॥**
ਉਹ ਵਿਚਾਰੀ ਸੜ ਸੜ ਕੇ ਰੋਂਦੀ ਹੈ,
ਉਸ ਵਿੱਚੋਂ ਵੀ ਅੰਗਿਆਰੇ ਝੜ ਝੜ ਕੇ ਡਿੱਗਦੇ ਹਨ।
As the poor clay burns, it weeps repeatedly. Burning coals fall from within it

**ਨਾਨਕ ਜਿਨਿ ਕਰਤੈ ਕਾਰਣੁ ਕੀਆ ਸੋ ਜਾਣੈ ਕਰਤਾਰੁ॥੨॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਜਿਸ ਕਰਤੇ ਪੁਰਖ ਨੇ ਸ੍ਰਿਸ਼ਟੀ ਦੀ ਬਣਤਰ ਬਣਾਈ ਹੈ,
ਉਹ ਇਸਦੇ ਸਾਰੇ ਭੇਦ ਜਾਣਦਾ ਹੈ।
Sri Guru ji says: God who has created this world, knows the reason.

**ਪਉੜੀ ॥**
Stanza

**ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ ਪਾਇਆ ॥**
ਇਹ ਗੱਲ ਪੱਕੀ ਹੈ ਕਿ ਸਤਿਗੁਰੂ ਤੋਂ ਬਿਨਾਂ ਪ੍ਰਭੂ ਨੂੰ ਕਿਸੇ ਨੇ ਨਹੀਂ ਪਾਇਆ।
Without the Satguru, no one has ever obtained God and will never do so

**ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥**
ਪ੍ਰਭੂ ਨੇ ਸਤਿਗੁਰੂ ਵਿੱਚ ਆਪਣਾ ਅਕਸ ਰੱਖਿਆ ਹੋਇਆ ਹੈ,
ਇਹ ਗੱਲ ਪ੍ਰਤੱਖ ਰੂਪ ਵਿੱਚ ਸੁਣਾ ਦਿੱਤੀ ਹੈ।
God has placed His virtues in the *Satguru*;
this has been documented in the scriptures.

**ਸਤਿਗੁਰ ਮਿਲਿਐ ਸਦਾ ਮੁਕਤੁ ਹੈ ਜਿਨਿ ਵਿਚਹੁ ਮੋਹੁ ਚੁਕਾਇਆ॥**
ਉਹ ਹਮੇਸ਼ਾਂ ਮੁਕਤ ਹੈ, ਜਿਸ ਨੇ ਸਤਿਗੁਰੂ ਨੂੰ ਮਿਲ ਕੇ ਦਿਲੋਂ ਮਾਇਆ ਦਾ ਮੋਹ ਛੱਡ ਦਿੱਤਾ।
Meeting the *Satguru*,
one is forever liberated by detaching oneself from the worldly entanglements.

**ਉਤਮੁ ਏਹੁ ਬੀਚਾਰੁ ਹੈ ਜਿਨਿ ਸਚੇ ਸਿਉ ਚਿਤੁ ਲਾਇਆ॥**
ਇਹ ਵਿਚਾਰ ਚੰਗਾ ਹੈ, ਜਿਸ ਵਿਚਾਰ ਨੇ ਚਿੱਤ ਨੂੰ ਸੱਚੇ ਦੇ ਨਾਲ ਲਾ ਦਿੱਤਾ ਹੈ।
Great is this thought, which has attached one's consciousness to the True God.

**ਜਗਜੀਵਨੁ ਦਾਤਾ ਪਾਇਆ॥੬॥**
ਉਸਨੇ ਸੰਸਾਰਿਕ ਜ਼ਿੰਦਗੀ ਦਾ ਦਾਤਾ ਸਤਿਗੁਰੂ ਪਾ ਲਿਆ ਹੈ।
Due to this, the life-giving God has been obtained.

ਚਲਦਾ...

ਨਾਮਧਾਰੀ ਨਿਤਨੇਮ ਸਟੀਕ ਵਿਚੋਂ

# ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**ਅੱਸੂ ਦਾ ਮੇਲਾ, ਸ੍ਰੀ ਭੈਣੀ ਸਾਹਿਬ** **19 ਅਕਤੂਬਰ 2025**

ਸਾਧ ਸੰਗਤ ਜੀ ਇਕ ਮਹੀਨੇ ਤੋਂ ਜਿਆਦਾ ਸਮਾਂ ਹੋ ਗਿਆ ਹੈ, ਜਿਸ ਸਤਿਗੁਰੂ ਜੀ ਦੀ ਕਿਰਪਾ ਨਾਲ ਇਹ ਮੇਲਾ ਹੋਇਆ ਹੈ ਇਹ ਨਾਮ ਸਿਮਰਨ ਕਰ ਸਕੇ ਹਾਂ, ਜਿਨ੍ਹਾਂ ਦੀ ਕਿਰਪਾ ਨਾਲ ਸਾਧ ਸੰਗਤ ਆਈ ਹੈ, ਲੰਗਰ ਚੱਲੇ ਹਨ, ਕੀਰਤਨ ਹੋਇਆ ਹੈ ਤੇ ਕਥਾ ਹੋਈ ਹੈ। ਉਹਨਾਂ ਨੂੰ ਇਕ ਵਾਰੀ ਯਾਦ ਕਰੀਏ ਤੇ ਬੜੇ ਪਿਆਰ ਨਾਲ ਆਖੀਏ ਧੰਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।



ਸਾਧ ਸੰਗਤ ਜੀ ਆਪੋ-ਆਪਣੇ ਸਮੇਂ ਵਿਚ ਵੱਖੋ-ਵੱਖਰੇ ਰੂਪ ਵਿਚ ਨਿਰੰਕਾਰ, ਅਕਾਲ ਪੁਰਖ, ਪ੍ਰਮਾਤਮਾ ਕਿਰਪਾ ਕਰਦਾ ਹੈ। ਮੇਰੇ ਤੁਹਾਡੇ ਸਮੇਂ ਵਿਚ ਉਹ ਮੂਰਤ ਸਤਿਗੁਰੂ ਜਗਜੀਤ ਸਿੰਘ ਜੀ ਦੇ ਰੂਪ ਵਿਚ ਪ੍ਰਗਟ ਹੋਈ। ਜਿਨ੍ਹਾਂ ਨੇ ਪਿਆਰ ਨਾਲ, ਗੁੱਸੇ ਨਾਲ ਸਾਨੂੰ ਇਸ ਧਰਮ ਦੇ ਨਾਲ ਜੋੜਿਆ। ਏਥੋਂ ਬੈਠੇ ਆਪਾਂ ਵੇਖਦੇ ਹਾਂ ਕਿ ਸਭ ਦੇ ਸਫੈਦ ਬਸਤਰ ਹਨ। ਇਹ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਦੇਵਤਿਆਂ ਦੀ ਸੰਗਤ ਬੈਠੀ ਹੋਵੇ। ਸੱਚੇ ਪਾਤਸ਼ਾਹ ਜੀ ਦੀ ਕਿਰਪਾ ਨਾਲ ਹੀ ਇਹ ਵੀ ਬਖਸ਼ਿਸ਼ ਹੋਈ ਹੈ। ਅੰਮ੍ਰਿਤਮਈ ਗੁਰਬਾਣੀ ਦਾ ਕੀਰਤਨ ਸੁਣਦੇ ਹਾਂ ਜੋ ਸਾਨੂੰ ਜੀਵਨ ਦਿੰਦਾ ਹੈ। ਜੇ ਮੈਂ ਕਹਿ ਲਵਾਂ ਕਿ ਗੁਰਬਾਣੀ ਸਾਨੂੰ ਪਸ਼ੂ ਤੋਂ ਮਨੁੱਖ ਤੇ ਮਨੁੱਖ ਤੋਂ ਦੇਵਤਾ ਬਣਾਉਂਦੀ ਹੈ। ਇਹ ਵੀ ਕਿਰਪਾ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਕੀਤੀ ਹੈ। ਉਹਨਾਂ ਦੇ ਗੁਣ ਤੇ ਆਪਾ ਕਹਿ ਹੀ ਨਹੀਂ ਸਕਦੇ।

ਜਿਸ ਸਤਿਗੁਰੂ ਸੱਚੇ ਪਾਤਸ਼ਾਹ ਦਾ ਸ਼ਹੀਦੀ ਦਾ ਸਾਲ ਆਪਾਂ ਮਨਾ ਰਹੇ ਹਾਂ ਉਹਨਾਂ ਦੇ ਚਰਨਾਂ ਵਿਚ ਵੀ ਇਕ ਵਾਰੀ ਨਮਸਕਾਰ ਕਰੀਏ ਤੇ ਬੜੇ ਪਿਆਰ ਨਾਲ ਆਖੀਏ ਧੰਨ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ। ਉਹਨਾਂ ਦੇ ਉਚਾਰੇ ਹੋਏ ਸਲੋਕਾਂ ਦੀ ਗੱਲ ਹੋਈ, ਉਹਨਾਂ ਦੀ ਗੁਰਬਾਣੀ ਦੀ ਗੱਲ ਹੋਈ, ਸੱਚੇ ਪਾਤਸ਼ਾਹ ਜੀ ਦੇ ਜੀਵਨ ਦੀ ਗੱਲ ਹੋਈ।

ਇਹ ਜੱਪ ਪ੍ਰਯੋਗ ਸ਼ੁਰੂ ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਤੋਂ ਹੋਇਆ। ਸ਼ਾਇਦ ਦੱਸ ਹਜ਼ਾਰ ਥਾਵਾਂ ਤੋਂ ਵੀ ਵੱਧ ਥਾਂ ਤੇ ਨਾਮਧਾਰੀਆਂ ਨੇ ਨਾਮ ਜੱਪਿਆ ਹੋਵੇਗਾ। ਜੋ ਨਾਮਧਾਰੀ ਨਹੀਂ ਹਨ ਬਹੁਤ ਸੰਗਤ ਉਹ ਵੀ ਆਉਂਦੀ ਹੈ। ਕੱਲੇ ਭਾਰਤ ਵਿਚ ਹੀ ਨਹੀਂ ਅਸਟ੍ਰੇਲੀਆ, ਇੰਗਲੈਂਡ, ਅਮਰੀਕਾ, ਕੈਨੇਡਾ, ਥਾਈਲੈਂਡ ਅਨੇਕਾਂ ਦੇਸ਼ਾ ਵਿਚ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਨਾਮ ਜੱਪਿਆ ਗਿਆ ਹੈ। ਸਾਡੇ ਤੇ ਕਿਰਪਾ ਕਰਨ ਜਿਸ ਨਾਮ ਦੀ ਕਿਰਪਾ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ ਕਰਦੇ ਹਨ ਕਿ ਮਾਈ ਮੈਂ ਉਹ ਨਾਮ ਦਾ ਧੰਨ ਪਾ ਲਿਆ ਹੈ, ਮਾਇਆ, ਮਾਮਤਾ, ਲਾਲਚ ਮੈਂ ਸਾਰੀਆਂ ਚੀਜ਼ਾ ਤੋਂ ਛੁੱਟ ਗਿਆ ਹਾਂ। ਸਾਡੇ ਤੇ ਵੀ ਉਹ ਕਿਰਪਾ ਕਰ ਦੇਣ ਤਾਂ ਕਿ ਆਪਾਂ ਵੀ ਸੰਸਾਰ ਸਮੁੰਦਰ ਲੰਘ ਸਕੀਏ। ਇਹ ਖਾਲ਼ੀ ਜਦੋਂ ਅਸੀਂ ਲੰਘ ਗਏ ਤਾਂ ਫਿਰ ਬ੍ਰਹਮ ਨਾਲ ਮਿਲ ਜਾਵਾਂਗੇ। ਆਪਾਂ ਅਰਦਾਸ ਕਰੀਏ ਕਿ ਸਾਨੂੰ ਕੋਈ ਬੇਗਾਨਾ ਦਿਖੇ ਹੀ ਨਾ। **ਬਿਸਰਿ ਗਈ ਸਭ ਤਾਤਿ ਪਰਾਈ ਜਬ ਤੇ ਸਾਧੁਸੰਗਤਿ ਮੋਹਿ ਪਾਈ॥** ਸਾਡਾ ਇਹ ਹੀ ਰਸਤਾ ਹੈ।

ਮੈਂ ਇਹ ਅਰਜ਼ ਕਰਾਂ ਕਿ ਗੁਰਬਾਣੀ ਪ੍ਰਕਾਸ਼ ਹੈ, ਗੁਰਬਾਣੀ ਗਿਆਨ ਹੈ, ਗੁਰਬਾਣੀ ਜੀਵਣ ਜਿਊਣ ਦਾ ਰਸਤਾ ਹੈ, ਗੁਰਬਾਣੀ ਮੁਕਤੀ ਦਾ ਰਸਤਾ ਹੈ। ਜੇ ਅਸੀਂ ਸਿਰਫ ਮੱਥਾ ਟੇਕਣ ਤੱਕ ਰਹਿ ਗਏ ਤਾਂ ਅਸੀਂ ਅੰਮ੍ਰਿਤ ਤੋਂ ਵਾਂਝੇ ਰਹਿ ਜਾਵਾਂਗੇ। ਗੁਰਬਾਣੀ ਜ਼ਰੂਰ ਪੜ੍ਹਿਆ ਕਰੋ। ਪੜ੍ਹਣ ਤੋਂ ਅੱਗੇ ਮੈਂ ਅਰਜ਼ ਕਰਦਾ ਗੁਰਬਾਣੀ ਸਮਝਿਆ ਕਰੋ। ਸਮਝਣ ਤੋਂ ਅੱਗੇ ਕੋਈ ਸ਼ਬਦ ਦਾ ਸਾਡੇ ਮਨ ਤੇ ਅਸਰ ਹੋ ਜਾਵੇ। ਅਸੀਂ ਆਪਣਾ ਜੀਵਨ ਗੁਰਬਾਣੀ ਅਨੁਸਾਰ ਬਤੀਤ ਕਰ ਸਕੀਏ। ਫਿਰ ਗੁਰਬਾਣੀ ਕਲਿਆਣਕਾਰੀ ਹੈ। ਧਰਮ ਇਥੋਂ ਤੱਕ ਨਾ ਰਹਿ ਜਾਵੇ ਕਿ ਮੇਰਾ ਇਮਤਿਹਾਨ ਪਾਸ ਹੋ ਜਾਵੇ, ਮੇਰਾ ਵੀਜ਼ਾ ਲੱਗ ਜਾਵੇ, ਮੈਂ ਠੀਕ ਹੋ ਜਾਵਾਂ, ਮੇਰੇ ਘਰ ਪੁੱਤਰ ਹੋ ਜਾਵੇ, ਧਰਮ ਇਸ ਸਭ ਤੋਂ ਬਹੁਤ ਉੱਤੇ ਹੈ। ਜਿਥੇ ਮੰਗਾਂ ਮੁੱਕ ਜਾਂਦੀਆਂ ਹਨ। ਜਿਥੇ ਸਹਿਜ ਉਪਜਦਾ ਹੈ ਜਿਥੇ ਗਿਆਨ ਉਪਜਦਾ ਹੈ। ਜਦੋਂ ਗਿਆਨ ਆ ਜਾਂਦਾ ਹੈ ਉਦੋਂ ਤ੍ਰਿਸਨਾ ਮੁੱਕ ਜਾਂਦੀ ਹੈ।

ਇਕ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦਾ ਬਚਨ ਆਉਂਦਾ ਹੈ "ਕਿਸੇ ਵੇਲੇ ਮੇਰਾ ਮਨ ਨਹੀਂ ਰੁੱਕਦਾ, ਜੇ ਮਨ

ਨਹੀਂ ਰੁੱਕਦਾ ਤਾਂ ਮੈਂ ਤਨ ਨੂੰ ਹੀ ਰੋਕ ਲਵਾ।" ਸੱਚੇ ਪਾਤਸ਼ਾਹ ਕਹਿੰਦੇ ਸਨ- ਇਕ ਬਾਂਦਰ ਬੰਨ੍ਹਿਆ ਹੈ ਉਹ ਉਝਾੜਾ ਤੇ ਨਹੀਂ ਕਰਦਾ ਬੇਸ਼ੱਕ ਉਹ ਭੱਜਾ ਫਿਰਦਾ ਪਰ ਕਿੱਲੀ ਨਾਲ ਤੇ ਬੰਨ੍ਹਿਆ ਹੈ। ਜੇ ਕਿਸੇ ਵੇਲੇ ਸਾਡਾ ਮਨ ਨਹੀਂ ਰੁਕਦਾ ਤਾਂ ਅਸੀਂ ਆਪਣੇ ਤਨ ਨੂੰ ਹੀ ਰੋਕ ਲਈਏ। ਮੈਂ ਕਿਸੇ ਦੇ ਧਨ ਦੀ ਲਾਲਸਾ ਨਹੀਂ ਕਰਨੀ। ਮੈਂ ਕਿਸੇ ਬਾਰੇ ਮਾੜਾ ਨਹੀਂ ਸੋਚਣਾ। ਸਾਡੇ ਮਨ ਵਿਚ ਪਛਤਾਵਾ ਆ ਜਾਵੇ ਜੇ ਅਸੀਂ ਕੁਝ ਗਲਤ ਕੀਤਾ ਹੋਵੇ। ਇਸ ਰਸਤੇ ਤੇ ਤੁਰ ਕੇ ਅਸੀਂ ਸੌਖੇ ਹੋ ਜਾਂਦੇ ਹਾਂ।

ਸਾਧ ਸੰਗਤ ਜੀ ਕਦੇ ਵੀ ਕਿਸੇ ਦੀਆਂ ਸਾਰੀਆਂ ਇੱਛਾ ਪੂਰੀਆਂ ਨਹੀਂ ਹੁੰਦੀਆਂ। ਪ੍ਰਮਾਤਮਾ ਨੇ ਇਹ ਸੰਸਾਰ ਬਣਾਇਆ ਹੀ ਇਸ ਤਰ੍ਹਾਂ ਹੈ। ਜਦੋਂ ਸਾਡੀ ਇਕ ਮੰਗ ਪੂਰੀ ਹੁੰਦੀ ਹੈ ਤਾਂ ਨਾਲ ਹੀ ਦੂਜੀ ਮੰਗ ਸ਼ੁਰੂ ਹੋ ਜਾਂਦੀ ਹੈ। ਕਦੇ ਕੁਝ ਮਿੰਟਾਂ ਸੈਕਡਾਂ ਵਿਚ ਹੀ ਮਨ ਖੁਸ਼ ਹੋ ਜਾਂਦਾ ਹੈ ਤੇ ਕਦੇ ਉਦਾਸ ਹੋ ਜਾਂਦਾ ਹੈ। ਅਸੀਂ ਹੌਲੀ-ਹੌਲੀ ਇਹ ਮੰਗੀਏ ਕਿ ਪਾਤਸ਼ਾਹ ਜੋ ਤੂੰ ਮੈਨੂੰ ਦਿੱਤਾ ਹੈ ਉਸ ਵਿਚ ਹੀ ਸੰਤੋਖ ਬਖਸ਼ ਤਾਂ ਕਿ ਮੇਰੀ ਭਟਕਣਾ ਮੁੱਕ ਜਾਵੇ। ਜਦੋਂ ਅਸੀਂ ਇਸ ਰਸਤੇ ਤੇ ਚਲਦੇ ਹਾਂ ਤਾਂ ਗਿਆਨ ਦੀ ਬਖਸ਼ਿਸ਼ ਹੋ ਜਾਂਦੀ ਹੈ।

ਅਨੰਦ ਕਾਰਜ ਦੀ ਰੀਤ ਇਹ ਕਿਰਪਾ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਨੇ ਕੀਤੀ ਹੈ। ਪਹਿਲੇ ਆਪਣੇ ਸਾਰੇ ਗੁਰੂਆਂ ਦੇ ਅਨੰਦ ਕਾਰਜ ਜੋ ਹੋਏ ਹਨ, ਉਹ ਵੇਦ ਰੀਤ ਨਾਲ ਹੋਏ ਹਨ। ਪਹਿਲਾਂ ਅਨੰਦ ਕਾਰਜ ਗੁਰੂਆਂ ਵਿਚੋਂ ਜਿਨ੍ਹਾਂ ਦਾ ਹੋਇਆ ਹੈ ਉਹ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਹੋਇਆ ਹੈ। ਇਹ ਅਨੰਦ ਕਾਰਜਾਂ ਦਾ ਖਾਸ ਸੁਹੱਪਣ ਹੈ, ਉਹ ਸੁਹੱਪਣ ਹੈ ਸਾਦਗੀ। ਸੋ ਇਹ ਸਾਦਗੀ ਜ਼ਰੂਰ ਰੱਖਿਓ। ਇਸ ਸਾਦਗੀ ਨੂੰ ਗੁਰਬਾਣੀ ਦੀ ਪਵਿੱਤਰਤਾ ਨੂੰ ਪਾਰਟੀਆਂ ਵਿਚ ਨਾ ਰੋਲ ਦਿਉ। ਇਹ ਨਾ ਹੋਵੇ ਕਿ ਮੈਂ ਵੱਡਾ ਤਾਂ ਹੋਵਾਂਗਾ ਜੇ ਪਾਟਰੀ ਕਰਾਂਗਾ, ਲੋਕਾਂ ਨੂੰ ਦਿਖਾਵਾਗਾਂ। ਲੋਕਾਂ ਕਿਸੇ ਨੇ ਕੁਝ ਨਹੀਂ ਕਹਿਣਾ। ਤੁਹਾਡੇ ਸਾਹਮਣੇ ਆ ਕੇ ਕਹਿ ਦੇਣਗੇ ਤੇਰੀ ਪਾਰਟੀ ਬਹੁਤ ਵਧੀਆ ਸੀ, ਤੇਰਾ ਖਾਣਾ ਬਹੁਤ ਵਧੀਆ ਸੀ, ਬਾਅਦ ਵਿਚ ਭਾਂਵੇ ਗਾਲ੍ਹਾਂ ਕੱਢਣ, ਕੇ ਉੱਥੇ ਵਿਆਹ ਕਰਕੇ ਆਇਆ ਤੇ ਇਥੇ ਕੀ ਡਰਾਮੇ ਕਰਦਾ ਫਿਰਦਾ ਹੈ। ਸੋ ਸਾਰਿਆਂ ਦੇ ਅੱਗੇ ਬੇਨਤੀ ਹੈ ਸੱਚੇ ਪਾਤਸ਼ਾਹ ਕਿਰਪਾ ਕਰਨ ਜਿਨ੍ਹਾਂ ਦੇ ਆਨੰਦ ਕਾਰਜ ਹੋਏ ਹਨ ਸਾਰਿਆਂ ਨੂੰ ਖੁਸ਼ੀਆਂ ਬਖਸ਼ਣ। ਇਨ੍ਹਾਂ ਦਾ ਜੀਵਨ ਅਨੰਦ ਮਈ ਰਹੇ। ਇਨ੍ਹਾਂ ਦਾ ਜੀਵਨ ਸਿੱਖੀ ਵਾਲਾ ਰਹੇ। ਮੈਂ ਹੱਥ ਜੋੜ ਕੇ ਅਰਜ਼ ਬੇਨਤੀ ਕਰਦਾ ਹਾਂ ਕਿ ਵਿਖਾਵੇ ਨਾ ਕਰਿਆ ਕਰੀਏ। ਇਹ ਸਾਦਗੀ ਦੀ ਰਸਮ ਸੱਚੇ ਪਾਤਸ਼ਾਹ ਨੇ ਦਿੱਤੀ ਹੈ ਜੋ ਬਹੁਤ ਹੀ ਪਿਆਰੀ ਰਸਮ ਹੈ।

ਇਕ ਦੋ ਹੋਰ ਚੀਜ਼ਾਂ ਮੇਰੇ ਧਿਆਨ ਵਿਚ ਆਈਆ ਸੀ ਇਕ ਅਸੀਂ ਪਿਛਲੇ ਸਮੇਂ ਵਿਚ ਜੈਂਡਰ ਸਰਵੈ ਕੀਤਾ ਹੈ ਤਾਂ ਕਿ ਪਤਾ ਲੱਗੇ ਕੇ ਬੰਦਿਆਂ ਤੇ ਬੀਬੀਆਂ ਦੀ ਰੇਸ਼ੋ ਕਿੰਨੀ ਹੈ? 1990 ਤੋਂ 2010 ਜਾਂ 2015 ਵਿਚ ਜਿੰਨਾਂ ਬੱਚਿਆਂ ਦੇ ਜਨਮ ਹੋਏ ਉਹਨਾਂ ਵਿਚ ਸਾਡੀ ਰੇਸ਼ੋ ਬਹੁਤ ਮਾੜੀ ਹੈ। ਏਨੀ ਮਾੜੀ ਹੈ ਕਿ ਕਰੀਬ 100 ਮੁੰਡਿਆਂ ਦੇ ਮਗਰ ਸਿਰਫ 70 ਤੋਂ 75 ਪ੍ਰਤੀਸ਼ਤ ਲੜਕੀਆਂ ਹਨ। ਹਾਲਾਂਕੇ ਅਸੀਂ ਉਸ ਗੁਰੂ ਦੇ ਸਿੱਖ ਹਾਂ ਜਿਨ੍ਹਾਂ ਨੇ ਹੁਕਮ ਕੀਤਾ "ਸੋ ਕਿਉ ਮੰਦਾ ਆਖੀਏ ਜੋ ਜੰਮੇ ਰਾਜਾਨ॥" ਸਤਿਗੁਰੂ ਰਾਮ ਸਿੰਘ ਨੇ ਤਾਂ ਬਹੁਤ ਹੀ ਕਿਰਪਾ ਕੀਤੀ ਹੈ। ਸੱਚੇ ਪਾਤਸ਼ਾਹ ਨੇ ਤਾਂ ਹੁਕਮ ਕੀਤਾ ਕਿ ਔਰਤ ਦੇ ਗੁਣ ਮੇਰੇ ਤੋਂ ਕਹੇ ਨਹੀਂ ਜਾਂਦੇ। ਪਰ ਸਾਡੀ ਰੇਸ਼ੋ ਬਹੁਤੀ ਚੰਗੀ ਨਹੀਂ ਹੈ। ਏਥੇ ਹਰਕੀਰਤ ਸਿੰਘ ਬੈਠਾ ਹੋਣਾ ਕਹਿੰਦਾ ਹੈ ਕਿ ਜੇ 50 ਕੁੜੀਆਂ ਵਾਲੇ ਨਾਮ ਲਿਖਾਉਂਦੇ ਹਨ ਤਾਂ 150 ਮੁੰਡੇ ਵਾਲੇ ਲਿਖਵਾਉਂਦੇ ਹਨ। ਜਦੋਂ ਇਹ ਰੇਸ਼ੋ ਵਿਗੜਦੀ ਹੈ ਤਾਂ ਇਸ ਨਾਲ ਕਰਾਇਮ ਵੱਧਦਾ ਹੈ ਜਨਰੇਸ਼ਨ ਵਿਗੜਦੀਆਂ ਹਨ। ਇਸ ਲਈ ਸਾਡੀ ਰੇਸ਼ੋ ਚੰਗੀ ਰਹਿਣੀ ਚਾਹੀਦੀ ਹੈ। ਸਾਨੂੰ ਇਸ ਗੱਲ ਦਾ ਧਿਆਨ ਦੇਣਾ ਚਾਹੀਦਾ ਹੈ। ਇਥੇ ਇਕ ਇੰਗਲੈਂਡ ਤੋਂ ਲੜਕੀ ਆਈ ਉਹ ਮੈਨੂੰ ਕਹਿਣ ਲੱਗੀ ਕਿ ਸਾਰੇ ਪੁੱਤਰ ਦੀ ਪ੍ਰਾਪਤੀ ਲਈ ਹੀ ਅਰਦਾਸ ਕਰਵਾਉਂਦੇ ਹਨ। ਕੀ ਇਥੇ ਕੋਈ ਲੜਕੀ ਦੀ ਪ੍ਰਾਪਤੀ ਲਈ ਅਰਦਾਸ ਨਹੀਂ ਕਰਵਾਉਂਦਾ? ਮੈਂ ਬਹੁਤ ਸਾਰੇ ਘਰਾਂ ਵਿਚ ਵੇਖਿਆ ਹੈ ਜਿਥੇ ਮਾਪਿਆਂ ਨੂੰ ਮੁੰਡਿਆਂ ਨਾਲੋਂ ਜਿਆਦਾ ਕੁੜੀਆਂ ਸੰਭਾਲਦੀਆਂ ਹਨ। ਕੁੜੀਆਂ ਪੜ੍ਹਦੀਆਂ ਵੀ ਜਿਆਦਾ ਹਨ। ਉਹਨਾਂ ਨੂੰ ਵੀ ਆਪਣਾ ਸਥਾਨ ਦਈਏ। ਉਹਨਾਂ ਨੂੰ ਵੀ ਸਨਮਾਨ ਦਈਏ। ਛੋਟੀਆਂ-ਛੋਟੀਆਂ ਬੱਚੀਆਂ ਨੂੰ ਮਾਪੇ ਸਿਖਾਉਣ ਲੱਗ ਜਾਂਦਾ ਹਨ ਕਿ ਜਾ ਕਿ ਅਰਜ਼ ਕਰੋ ਕੇ ਸਾਨੂੰ ਵੀਰ ਦੇਵੋ।

ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਮੇਲਾ ਸੰਪੂਰਨ ਹੋਇਆ ਹੈ। ਹੁਣ ਜਦੋਂ ਤੁਸੀਂ ਜਾਣਾ ਹੈ ਤਾਂ ਸਾਰੇ ਬੜੇ ਅਰਾਮ ਨਾਲ ਹੋਲੀ-ਹੋਲੀ ਜਾਓ, ਕੋਈ ਜਲਦੀ ਨਾ ਕਰਿਓ। ਜਿਹੜੇ ਗੱਡੀਆਂ ਲੈ ਕੇ ਆਏ ਨੇ ਬੜੇ ਧਿਆਨ ਨਾਲ ਜਾਇਓ। ਉਸ ਨਿਰੰਕਾਰ ਦਾ ਰੂਪ ਜਿਸਦੇ ਮੈਂ ਦਰਸ਼ਨ ਕੀਤੇ ਨੇ, ਉਸ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਅਰਜ਼ ਬੇਨਤੀ ਹੈ ਕਿ ਨਾਮ ਦਾ ਦਾਨ ਦੇ, ਸਿੱਖੀ ਦਾ ਦਾਨ ਦੇ, ਕੋਈ ਦੁਖੀਆਂ ਰਹੇ ਹੀ ਨਾ। ਤੇਰਾ ਇਹ ਪੰਥ ਵਧੇ ਫੁੱਲੇ, ਤੇਰੇ ਚਰਨਾਂ ਨਾਲ ਲੱਗਾ ਰਹੇ, ਤੇਰੇ ਨਾਲ ਨਿਭ ਜਾਵੇ। ਇਨ੍ਹੀਂ ਅਰਜ਼ ਕਰਕੇ ਮੈਂ ਆਗਿਆ ਲੈਣਾ।

ਸਤਿ ਸ੍ਰੀ ਅਕਾਲ।

# 'ਕੂਕਾ ਕਾਰ' ਦੇ ਮਰਮ ਦੀ ਲੋਅਵਾਨ ਪ੍ਰਾਪਤੀ

# ਕੂਕਾ ਲਹਿਰ ਦੇ ਅਮਰ ਨਾਇਕ – I, II, III



**– ਸੁਮੇਲ ਸਿੰਘ ਸਿੱਧੂ**

(ਇਤਿਹਾਸਕਾਰ ਅਤੇ ਡਾਇਰੈਕਟਰ, ਅਦਾਰਾ 23 ਮਾਰਚ)

ਸਧਾਰਨ ਪੰਜਾਬੀਆਂ ਦੀ ਅਸਧਾਰਨ ਕਰਨੀ ਸਦਕਾ ਗ਼ਦਰ ਪਾਰਟੀ ਲਹਿਰ ਤੋਂ ਵੀ ਅੱਧੀ ਸਦੀ ਪਹਿਲਾਂ ਸ਼ੁਰੂ ਹੋਈ ਕੂਕਾ ਜਾਂ ਨਾਮਧਾਰੀ ਲਹਿਰ ਨੇ ਪੰਜਾਬੀ ਇਤਿਹਾਸ ਨੂੰ ਅਗਾਂਹ ਤੋਰਿਆ, ਨਰੋਏ ਪੂਰਨੇ ਪਾਏ, ਨਿੱਗਰ ਰਵਾਇਤਾਂ ਤੋਰੀਆਂ, ਸਾਡੇ ਅਨੁਭਵ ਨੂੰ ਨਿਖਾਰਿਆ, ਸਾਡੀ ਸਿਮਰਤੀ ਨੂੰ ਰੰਗ-ਰੱਤਾ ਕੀਤਾ। ਅਜੋਕਾ ਨਾਮਧਾਰੀ ਭਾਈਚਾਰਾ ਆਪਣੀ ਵਿਲੱਖਣ ਦਿੱਖ, ਭਾਈਚਾਰਕ ਮਰਿਆਦਾ ਅਤੇ ਆਪਣੇ ਮਖ਼ਸੂਸ ਬੋਲਿਆਂ ਹੇਠ ਆਪਣੇ ਇਤਿਹਾਸ, ਸੰਘਰਸ਼ ਅਤੇ ਚੇਤਨਾ ਨੂੰ ਜਿਉਂਦਾ-ਵਗਦਾ ਰੱਖਣ ਦੇ ਆਹਰ ਵਿਚ ਹੈ। ਇਸ ਉੱਦਮ ਵਿਚ ਪੰਜਾਬੀ ਖਿੱਤੇ ਦੀ ਚਲਦੀ-ਫਿਰਦੀ ਟਕਸਾਲ; ਲੋਕ-ਨਾਬਰੀ ਦੀ ਪਰੰਪਰਾ ਨੂੰ ਲੋਕ-ਹਿਤੂ ਸਿਆਸਤ ਵਿਚ ਢਾਲਣ ਵਾਲੇ; ਮੌਲਿਕ ਮਾਰਕਸਵਾਦੀ ਕਾਰਜਕਰਤਾ, ਸਾਹਿਤਕਾਰ, ਚਿੰਤਕ ਅਤੇ ਇਤਿਹਾਸਕਾਰ ਕਾਮਰੇਡ ਸੁਵਰਨ ਸਿੰਘ ਵਿਰਕ 1857 ਦੇ ਵਿਸਾਖ ਤੋਂ ਲੈ ਕੇ ਅਜੋਕੇ ਸਮਿਆਂ ਵਿੱਚ ਸਾਰਥਕਤਾ ਦੀ ਨਿਰੰਤਰ ਤਲਾਸ਼ ਨੂੰ ਸੇਧ ਸੇਧ ਦੇਣ ਹਿੱਤ ਚੱਪਾ ਸਦੀ ਤੋਂ ਕੂਕਾ ਲਹਿਰ ਅਤੇ ਨਾਮਧਾਰੀ ਸੰਪਰਦਾਇ ਦੇ ਖੋਜੀ, ਪੇਸ਼ਕਾਰ ਅਤੇ ਸਿਧਾਂਤਕਾਰ ਵਜੋਂ ਕਲਮ ਵਾਹ ਰਹੇ ਹਨ।

ਇਸ ਵਡੇਰੇ ਕਾਰਜ ਨੂੰ ਉਹਨਾਂ ਦੀਆਂ 'ਕੂਕਾ ਲਹਿਰ ਦੇ ਅਮਰ ਨਾਇਕ' ਲੜੀ ਦੀਆਂ ਤਿੰਨ ਜਿਲਦਾਂ ਵਿਚ 150 ਹਸਤੀਆਂ ਉੱਤੇ ਇੱਕਾਗਰ, ਲਗਭਗ ਬਾਈ-ਤੇਈ ਸੌ ਸਫ਼ਿਆਂ ਦੀ ਭਾਰੀ-ਗਉਰੀ ਚੁਗਾਠ ਵਿਚ ਬੀੜਿਆ ਗਿਆ ਹੈ। ਸਭ ਤੋਂ ਪਹਿਲਾਂ, ਕਿਸੇ ਵੀ ਹੋਰ ਵਾਰਤਾ ਤੋਂ ਪਹਿਲਾਂ, ਕਿਸੇ ਵੀ ਭੂਮਿਕਾ ਤੋਂ ਪਹਿਲਾਂ ਕਹਿਣਾ ਬਣਦਾ ਹੈ ਕਿ ਐਡੇ ਵੱਡੇ ਕਾਰਜ ਦੇ ਸਨਮੁਖ ਹੋਣਾ ਹੀ ਸਾਨੂੰ ਹਲੀਮੀ ਵਿਚ ਲੈ ਆਉਂਦਾ ਹੈ। ਇਹ ਜਿਲਦਾਂ ਕਿਸੇ ਵੀ ਪਾਠਕ ਲਈ ਵੱਡੀ ਵੰਗਾਰ ਦਾ ਸਬੱਬ ਬਣਦੀਆਂ ਹਨ ਕਿ ਕੀ ਉਹ ਅਜਿਹੀ ਲਿਖਤ ਨਾਲ ਦੋ-ਚਾਰ ਹੋਣ ਲਈ ਤਿਆਰ ਹੈ ਜਾਂ ਹੀਰ ਸਿਆਲ ਦੇ ਹੁਸਨ ਦੇ ਦੀਦਾਰ ਦੀ ਤਾਬ ਝੱਲਣ ਤੋਂ ਡੋਲਿਆ ਹੋਇਆ 'ਭੌਰ ਆਸ਼ਕ' ਹੀ ਹੈ? ਤਿੰਨਾ ਜਿਲਦਾਂ ਵਿਚੋਂ ਗੁਜ਼ਰਦਿਆਂ ਆਪਣੇ ਅਨੁਭਵ ਵਿਚੋਂ ਆਖਦਾ ਹਾਂ ਕਿ ਇਹਨਾਂ ਜਿਲਦਾਂ ਅੰਦਰ ਰਮੇ ਹੋਏ ਸਮੇਂ ਦੇ ਨਕਸ਼ ਸਾਡੀ ਸੁਰਤ ਨੂੰ ਆਪਣੇ ਕਮਾਏ-ਹੰਢਾਏ ਸੱਚ ਨਾਲ ਜਗਾਉਂਦੇ ਹਨ। ਬਕੌਲ ਵਾਰਿਸ ਸ਼ਾਹ ਪਾਠਕ ਨਾਲ ਕੂਕਿਆਂ ਦੇ ਜਗਤ ਦੇ ਦਰਸ਼ਨ- 'ਰੂਪ ਜੱਟੀ ਦਾ ਵੇਖ ਕੇ ਜਾਗ ਲੱਧੀ, ਹੀਰ ਘੋਲ ਘੱਤੀ ਕੁਰਬਾਨ ਹੋਈ। ਵਾਰਿਸ ਸ਼ਾਹ ਨਾ ਥਾਉਂ ਦਮ ਮਾਰਨੇ ਦੀ, ਚਾਰੋਂ ਚਸ਼ਮ ਦੀ ਜਦੋਂ ਘਮਸਾਨ ਹੋਈ।' ਦੇ ਨਿਆਈਂ ਹਨ। ਵਿਰਕ ਜੀ ਦੀ ਇਹ ਘਾਲਣਾ ਸਾਨੂੰ 'ਚਾਰੋਂ ਚਸ਼ਮ ਦੀ ਘਮਸਾਣ' ਹੋ ਲੈਣ ਦਾ ਸਿਦਕੀ ਸੱਦਾ ਦਿੰਦੀ ਹੈ।

ਪੰਜਾਬੀ ਇਤਿਹਾਸ ਨੂੰ ਖੜੋਤ ਵਿੱਚੋਂ ਕੱਢਣ ਲਈ, ਸਮੇਂ ਨਾਲ ਆਹਢਾ ਲਾਉਣ ਹਿੱਤ ਪੰਜਾਬੀ ਲੋਕਾਈ ਨੇ ਹਰ ਦੌਰ ਵਿਚ ਮੋਢਾ ਲਾਇਆ। ਪ੍ਰਮੁਖ ਸ਼ਖ਼ਸੀਅਤਾਂ, ਆਗੂਆਂ, ਘੁਲਾਟੀਆਂ, ਸ਼ਹੀਦਾਂ ਦੀਆਂ ਜੀਵਨੀਆਂ ਲਿਖੀਆਂ ਗਈਆਂ, ਸਾਹਿਤ ਰਚਿਆ ਗਿਆ, ਨਾਟਕ ਤੇ ਫਿਲਮਾਂ ਵੀ ਸਾਹਮਣੇ ਆਈਆਂ ਅਤੇ ਵੱਡੇ ਪਾਟਕ-ਦਰਸ਼ਕ ਘੇਰੇ ਵਿਚ ਮਕਬੂਲ ਹੋਈਆਂ। ਇਸ ਵਡੇਰੇ ਸੰਦਰਭ ਵਿਚ ਪੁਛਣਾ ਵਾਜਬ ਹੈ ਕਿ ਕੂਕਾ ਲਹਿਰ ਅਤੇ ਨਾਮਧਾਰੀ ਸਮਾਜ ਦੇ ਨਾਇਕਾਂ ਦੀਆਂ ਜੀਵਨੀਆਂ ਸਾਡੇ ਸਾਹਮਣੇ ਅਜਿਹਾ ਕੀ ਪੇਸ਼ ਕਰਦੀਆਂ ਹਨ ਜੋ ਅਸੀਂ ਪਹਿਲੋਂ ਹੀ ਨਹੀਂ ਜਾਣਦੇ? ਸਧਾਰਨ ਤੌਰ 'ਤੇ ਪੰਜਾਬੀਆਂ ਲਈ ਕੂਕਾ ਲਹਿਰ ਅੰਮ੍ਰਿਤਸਰ, ਰਾਏਕੋਟ ਅਤੇ ਮਲੇਰਕੋਟਲਾ ਦੇ ਬੁੱਚੜਵਧ ਦੇ ਸਾਕਿਆਂ ਸਦਕਾ ਅੰਗਰੇਜ਼ ਬਸਤੀਵਾਦੀ ਹਕੂਮਤ ਦੇ ਦਮਨ ਦਾ ਸ਼ਿਕਾਰ ਹੋਣ ਸਦਕਾ ਮਾਂਦੀ ਪੈ ਜਾਣ ਦਾ ਵੇਰਵਾ ਹੈ। ਇਸ ਸਾਦਾ ਗਿਆਨ ਮੁਤਾਬਿਕ ਇਹ ਲਹਿਰ ਪੰਜਾਬ ਦੇ ਇਤਿਹਾਸ ਦਾ ਹਿੱਸਾ ਹੈ ਅਤੇ ਸਾਡੀ ਇਤਿਹਾਸ ਵੱਲ ਉਦਾਸੀਨਤਾ ਦੀ ਗਵਾਹੀ ਵੀ ਹੈ। ਆਪਣੇ ਨਾਇਕਾਂ ਪ੍ਰਤੀ ਅਕੀਦਤ ਅਤੇ ਪ੍ਰਮਾਣਿਕਤਾ ਪ੍ਰਤੀ ਵਚਨਬੱਧਤਾ ਸਦਕਾ ਸੁਵਰਨ ਸਿੰਘ ਵਿਰਕ ਜੀ ਦਾ ਇਹ ਵੱਡਾ ਕੰਮ ਸਾਡੀ ਉਦਾਸੀਨਤਾ ਦੇ ਸਲਾਬ੍ਹੇ ਨੂੰ ਸੀਖ ਲਾਉਂਦਾ ਹੈ। ਇਹ ਸਿਰਫ਼ ਇਤਿਹਾਸ ਦੀ ਪੋਥੀ ਨਹੀਂ ਰਹਿੰਦਾ ਸਗੋਂ, ਸਾਡੇ ਸਮਾਜਕ-

ਵਿਚਾਰਧਾਰਕ ਚਲਣ ਵਿਚ ਦਖ਼ਲ ਦਿੰਦਾ ਹੈ। ਸਾਡੇ ਇਤਿਹਾਸ ਦੇ ਖ਼ਾਮੋਸ਼ ਧਾਰੇ ਹਰਕਤ ਵਿਚ ਆਉਂਦੇ ਹਨ ਅਤੇ ਗੁਰਦੇਵ ਸਿੰਘ ਮਾਨ ਮੁਤਾਬਕ, ਵਿਰਕ ਜੀ ਦਾ ਇਹ ਕਾਰਜ ਝੰਗ ਦੇ ਬੇਲਿਆਂ ਵਿਚ ਮੱਝੀਂ ਚਾਰਨ ਵੇਲੇ ਰਾਂਝੇ ਦੀ ਹਸਤੀ ਦੇ ਹਾਣ ਦਾ ਹੈ – 'ਬੂਰੀ ਮੱਝ 'ਤੇ ਬੈਠ ਕੇ ਮੀਆਂ ਰਾਂਝਾ, ਵਾਹੇ ਵੰਵਲੀ ਸੁਰਾਂ ਨਿਰਾਲੀਆਂ ਨੇ। ਰਾਂਝੇ ਦੇ ਇਸ਼ਕ ਥੀਂ ਭਰ ਗਈਆਂ, ਗਲੀਆਂ ਪਿੰਡ ਦੀਆਂ ਖਾਲਮ ਖਾਲੀਆਂ ਨੇ।' ਇਸ ਪੁਸਤਕ ਲੜੀ ਵਿਚ ਅਨੇਕ ਪ੍ਰਸੰਗਾਂ ਜ਼ਰੀਏ ਬਿਆਨ ਹੋਈ ਵਾਰਤਾ ਦੀ ਸਾਹਿਤਕ ਪੁੱਠ ਜਿਸ ਤਰ੍ਹਾਂ ਇਤਿਹਾਸ ਦੀਆਂ ਕੰਦਰਾਂ ਨੂੰ ਰੌਸ਼ਨ ਕਰਦੀ ਹੈ, ਉਹ ਤਰੀਕਾਕਾਰ ਮੈਨੂੰ ਵਾਰ-ਵਾਰ ਲਾਤੀਨੀ ਅਮਰੀਕੀ ਲੇਖਕ ਐਦੁਆਰਦੋ ਗਲਿਆਨੋ ਦੇ 'The Open Veins Of Latin America' Aqy 'Mirrors' ਵੱਲ ਲਿਜਾਂਦਾ ਰਿਹਾ।

ਸੁਖਦੇਵ ਸਿੰਘ ਸਿਰਸਾ ਨੇ ਵਿਰਕ ਜੀ ਦੀ ਇਤਿਹਾਸ-ਪੋਥੀ ਦੀ ਬੁਨਿਆਦ ਉਹਨਾਂ ਦੇ ਨਾਮਧਾਰੀ ਸਾਹਿਤ ਉਤੇ ਕਾਮਿਲ ਦਸਤਰਸ ਵਿਚ ਅੰਗਿਆ ਹੈ। ਵੱਡੀ ਹੈਰਾਨੀ ਹੈ ਕਿ ਸਮਾਜ ਦੇ ਕਿਰਤੀ ਤਬਕਿਆਂ ਵਿਚੋਂ ਉਠੀ ਅਤੇ ਲਗਭਗ ਨਿਰੱਖਰ ਲੋਕਾਂ ਵਿਚ ਪਰਵਾਨ ਚੜ੍ਹੀ ਕੂਕਾ ਲਹਿਰ ਦੇ ਆਗੂ ਆਪਣੇ ਮੌਖਿਕ ਉਚਾਰ ਨੂੰ ਸ਼ਬਦੀ ਜਾਮਾ ਪੁਆਉਣ ਲਈ ਏਨੇ ਸੁਚੇਤ ਸਨ। ਇਸ ਸਦਕਾ ਇਹ ਸਾਹਿਤ ਸਾਡੇ ਅਧਿਐਨ ਹਿਤ ਗੰਭੀਰ ਸਮੱਗਰੀ ਮੁਹੱਈਆ ਕਰਦਾ ਹੈ। ਸੰਨ 2009 ਵਿਚ 'ਕੂਕਾ ਲਹਿਰ ਦਾ ਪੰਜਾਬੀ ਸਾਹਿਤ' ਦੇ ਪ੍ਰਕਾਸ਼ਨ ਨਾਲ ਵਿਰਕ ਜੀ ਦੀ ਗੰਭੀਰ ਖੋਜ ਸਾਡੇ ਸਾਹਮਣੇ ਆਉਂਦੀ ਹੈ। ਇਸ ਸਾਹਿਤਕ ਪਰੰਪਰਾ ਵਿਚ ਸੰਤ ਸੰਤੋਖ ਸਿੰਘ ਬਾਹੋਵਾਲ ਜੀ ਦਾ ਮਹੱਤਵਪੂਰਨ ਕਾਰਜ 'ਸਤਿਗੁਰੂ ਬਿਲਾਸ' ਵੱਡੀ ਪ੍ਰਾਪਤੀ ਹੈ। ਅੰਗਰੇਜ਼ ਹਕੂਮਤ ਦੀਆਂ ਰਿਪੋਰਟਾਂ; ਪੁਲੀਸ ਅਤੇ ਖ਼ੁਫ਼ੀਆ ਮਹਿਕਮਿਆਂ ਦੇ ਕਾਗਜ਼; ਇੰਡੀਆ ਆਫਿਸ ਲਾਇਬ੍ਰੇਰੀ ਲੰਡਨ ਦੇ ਦਸਤਾਵੇਜ਼; ਬਾਬਾ ਰਾਮ ਸਿੰਘ ਜੀ ਦੇ 'ਹੁਕਮਨਾਮੇ' ਅਤੇ ਚਿੱਠੀਆਂ; ਨਾਮਧਾਰੀ ਲਹਿਰ ਦੇ ਕਾਵਿ-ਇਤਿਹਾਸ, ਗਲਪ-ਇਤਿਹਾਸ ਆਦਿ; ਅਤੇ ਕੂਕਾ ਲਹਿਰ ਬਾਰੇ ਤੁਰੀ ਆਉਂਦੀ ਲੋਕ-ਕੰਠ ਅਤੇ ਲੋਕ-ਚਿੱਤ ਵਿਚ ਮਹਿਫ਼ੂਜ਼ ਸਮੱਗਰੀ ਨੂੰ ਆਪਣੀ ਕਮਾਈ ਹੋਈ, ਰਸਵੰਤ, ਖੁੱਲ੍ਹੀ ਵੇਗਮੱਤੀ ਸਾਹਿਤਕ ਭਾਸ਼ਾ ਵਿਚ ਢਾਲਿਆ ਹੈ। ਇਸ ਜੁਗਤ ਸਦਕਾ ਪੋਥੀ ਦੀ ਆਤਮਾ ਸਾਡੇ ਨੇੜੇ ਆਣ ਢੁਕਦੀ ਹੈ। ਸਾਹਿਤਕ ਰਸ ਸਦਕਾ ਅਸੀਂ ਪੜ੍ਹਤ ਵਿਚ ਖੁਭਦੇ ਹਾਂ ਅਤੇ ਇਸ ਲਗਾਅ ਕਾਰਨ ਇਤਿਹਾਸ ਦੀ ਛੁਹ ਸਾਡੀ ਸੁਰਤ ਨੂੰ ਤੁਣਕੇ ਮਾਰਦੀ ਹੈ। ਮੇਰੀ ਧਾਰਨਾ ਦੀ ਪੁਸ਼ਟੀ ਵਜੋਂ ਵਿਰਕ ਜੀ ਵੱਲੋਂ ਪੁਸਤਕ ਦੇ ਸਾਰ-ਸੰਕਲਪ ਵਜੋਂ 'ਅਮਰ ਨਾਇਕਾਂ' ਦੇ ਪਦ ਦੀ ਵਿਆਖਿਆ ਹਿਤ 'ਲੋਕ ਨਾਇਕ, ਅਟੱਲ ਪਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ' ਵਾਲੇ ਮਜ਼ਮੂਨ ਵੱਲ ਧਿਆਨ ਧਰੋ:

"ਸਮਾਜ ਵਿਅਕਤੀਆਂ ਦਾ ਸਮੂਹ ਹੈ। ਇਤਿਹਾਸ ਸਮਾਜ ਦੀ ਤੋਰ ਪਛਾਨਣ ਦੀ ਕਲਾ ਹੈ। ਲੋਕਾਈ ਦੇ ਦੁਖ ਦਰਦ ਨੂੰ ਆਪਣੇ ਸੀਨੇ ਵਿਚ ਸੰਭਾਲਣ ਵਾਲੇ ਨਾਇਕ ਬਣਦੇ ਹਨ। ਇਹਨਾਂ ਨਾਇਕਾਂ ਵਿਚੋਂ ਕੁਝ ਕੁ ਦੀ ਕੀਰਤੀ, ਸਮੇਂ-ਸਥਾਨ ਦੀਆਂ ਹੱਦਾਂ ਤੋਂ ਪਾਰ ਚਲੀ ਜਾਂਦੀ ਹੈ। ਉਹਨਾਂ ਦੀਆਂ ਪਾਈਆਂ ਪੈੜਾਂ 'ਤੇ ਕਾਫ਼ਲੇ ਅਨੰਤ ਕਾਲ ਤੱਕ ਚਲਦੇ ਰਹਿੰਦੇ ਹਨ। ਆਪਣੇ ਯੁਗ ਦੀਆਂ ਅਗਰਗਾਮੀ ਸ਼ਕਤੀਆਂ ਨਾਲ ਸਾਂਝਾਂ ਪਾਉਣ ਵਾਲੇ ਹੀ ਯੁਗ-ਪੁਰਖ ਅਖਵਾਉਣ ਦੇ ਹੱਕਦਾਰ ਹੁੰਦੇ ਹਨ। ਇਹ ਠੀਕ ਹੈ ਕਿ ਸਮਾਜ ਨੂੰ ਬਦਲਣ ਦੀ ਪ੍ਰਕਿਰਿਆ ਵਿਚ ਵਿਅਕਤੀ ਖੁਦ ਵੀ ਬਦਲਦਾ ਹੈ। ਉਸ ਦੀ ਕ੍ਰਿਆਸ਼ੀਲਤਾ ਅਤੇ ਆਪਣੇ ਵਾਤਾਵਰਣ ਵਿਚੋਂ ਜੀਵੰਤ ਕਦਰਾਂ ਕੀਮਤਾਂ ਦੀ ਗ੍ਰਹਿਣਸ਼ੀਲਤਾ ਹੀ ਉਸ ਨੂੰ ਯੁਗ-ਬੋਧ ਨਾਲ ਲੈਸ ਕਰਦੀ ਹੈ। ਸਾਡੇ ਇਹ ਨਾਇਕ ਸਮਾਂ ਪਾ ਕੇ ਲੋਕ ਚੇਤਨਾ ਦਾ ਸਜੀਵ ਅੰਗ ਬਣ ਜਾਂਦੇ ਹਨ। ਜਦੋਂ ਜਦੋਂ ਵੀ ਦੁਸ਼ਵਾਰੀਆਂ, ਅਣ-ਸੁਖਾਵੇਂ ਹਾਲਾਤ ਨਾਲ ਸਾਡੇ ਲੋਕ ਦੋ-ਚਾਰ ਹੁੰਦੇ ਹਨ, ਆਪਣੇ ਨਾਇਕਾਂ ਦਾ ਸਿਮਰਨ, ਉਹਨਾਂ ਦੀ ਬਲ-ਬੁੱਧੀ ਵਿਚ ਵਾਧਾ ਕਰਦਾ ਹੈ। ਉਹ ਕਠਿਨ ਪ੍ਰੀਖਿਆਵਾਂ ਵਿਚੋਂ ਸਫਲ ਹੋਣ ਦਾ ਵੱਲ ਸਿੱਖਦੇ ਹਨ।"

ਮਾਰਕਸਵਾਦੀ ਇਤਿਹਾਸ-ਚੇਤਨਾ ਨਾਲ ਲੈਸ ਇਹ ਟੋਟਾ ਸਾਦਾ ਪੰਜਾਬੀ ਵਾਰਤਕ ਦੇ ਰਸ-ਰੰਗ-ਰਮਜ਼ ਦਾ ਵੀ ਅਨੂਠਾ ਨਗ ਹੈ। ਵਿਰਕ ਜੀ ਦੀ ਇਸ ਭਾਸ਼ਾਈ ਸ਼ੈਲੀ ਦੀਆਂ ਜੜ੍ਹਾਂ ਵਿਚ ਸ਼ੇਖੂਪੁਰਾ ਦੀਆਂ ਖੁੱਲ੍ਹੀਆਂ ਚਰਾਂਦਾਂ ਅਤੇ ਮੈਰਿਆਂ ਵਿਚ ਹਨ। ਨਾਲ ਹੀ ਆਪਣੇ ਬਾਲਪਣ ਤੋਂ 'ਸਤਿਜੁਗ' ਵਿਚ ਛਪਦੇ ਸੰਤ ਇੰਦਰ ਸਿੰਘ ਚੱਕਰਵਰਤੀ ਦੇ ਮਜ਼ਮੂਨਾਂ ਦੇ ਵਿਸ਼ੇ, ਨਿਭਾਅ ਅਤੇ ਅਨੁਰਾਗ ਨੇ ਆਪਣੀ ਛਾਪ ਛੱਡੀ:

"ਹੋਰ ਲੇਖਾਂ ਤੋਂ ਇਲਾਵਾ ਚੱਕਰਵਰਤੀ ਜੀ ਦੇ ਲਿਖੇ ਮੁੱਖ ਲੇਖ ਜੋ ਇਨ੍ਹਾਂ ਅੰਕਾਂ ਦੇ ਆਰੰਭ ਵਿਚ ਹੁੰਦੇ ਸਨ, ਆਪਣੇ ਆਪ ਵਿਚ ਨਾਮਦਾਰੀ ਸਾਹਿਤ ਅਤੇ ਇਤਿਹਾਸ ਨੂੰ ਕਥਾ ਕਹਾਣੀ ਦੀ ਸ਼ੈਲੀ ਵਿਚ ਪੇਸ਼ ਕਰਦੇ, ਰਸ ਭਰੀ ਵਾਰਤਕ ਦੇ ਅਨੂਠੇ ਨਮੂਨੇ ਹੁੰਦੇ ਸਨ, ਜਿਨ੍ਹਾਂ ਵਿਚ ਗੁਰਬਾਣੀ ਜਾਂ ਹੋਰ ਕਾਵਿ-ਟੁਕੜੀਆਂ, ਸੋਨੇ ਦੀ ਮੁੰਦਰੀ ਵਿਚ ਨਗਾਂ ਵਾਂਗੂੰ

ਜੜੀਆਂ ਹੁੰਦੀਆਂ ਸਨ। ''

ਸੋ, ਸੰਤ ਇੰਦਰ ਸਿੰਘ ਚਕਰਵਰਤੀ ਸਾਹਿਤਕ ਗੁਣ ਵਾਲੀ ਇਤਿਹਾਸਕਾਰੀ ਦੇ ਪੂਰਨੇ ਪਾ ਰਹੇ ਸਨ ਜੋ ਸਾਡੇ ਨਜ਼ਦੀਕ ਸੁਵਰਨ ਸਿੰਘ ਵਿਰਕ ਨੇ ਇਸ ਪੁਸਤਕ ਲੜੀ ਵਿਚ ਸਾਣ 'ਤੇ ਲਾ ਧਰੇ ਹਨ। ਏਸੇ ਮਜ਼ਮੂਨ ਵਿਚ ਕਥਾ ਸ਼ੈਲੀ ਵਿਚ ਇਤਿਹਾਸ-ਲੇਖਣ ਦੀ ਪਰੰਪਰਾ ਨੂੰ ਪੰਜਾਬੀ ਵਿਚ ਭਾਈ ਵੀਰ ਸਿੰਘ ਅਤੇ ਹਿੰਦੀ ਵਿਚ ਰਾਹੁਲ ਸੰਕਰਤਾਇਨ ਸਥਾਪਤ ਕਰ ਰਹੇ ਸਨ ਅਤੇ ਚਕਰਵਰਤੀ ਜੀ ਨੇ ''ਸਤਿਗੁਰੂ ਰਾਮ ਸਿੰਘ ਜੀ ਤੇ ਹੋਰ ਕੂਕਾ ਨਾਇਕਾਂ ਬਾਰੇ ਲੰਮੀਆਂ ਕਥਾਵਾਂ, ਰੌਚਕ ਸ਼ੈਲੀ ਵਿਚ ਪ੍ਰਸਤੁਤ ਕੀਤੀਆਂ। '' ਇਸੇ ਸੰਦਰਭ ਵਿਚ 'ਮਸਤਾਂ ਦੀਆਂ ਮਜਲਸਾਂ ਦੇ ਸਰਦਾਰ - ਮਹਾਰਾਜ ਗੁਰਦਿਆਲ ਸਿੰਘ ਜੀ' ਨੂੰ ਸਮਰਪਿਤ ਮਜ਼ਮੂਨ ਵਿਚ ਸੰਨ 1920 ਤੋਂ ਸ਼ੁਰੂ ਹੋਏ ਹਫ਼ਤਾਵਾਰ 'ਸਤਿਜੁਗ' ਦੇ ਪ੍ਰਕਾਸ਼ਨ ਦਾ ਪ੍ਰਸੰਗ ਪੰਜਾਬ ਵਿਚ ਇਤਿਹਾਸਕ ਮੁਕਾਮ ਰੱਖਦਾ ਹੈ। 'Kuka Outbreak' ਤਹਿਤ ਦਸਤਾਵੇਜ਼ੀ ਰਿਕਾਰਡ ਲੰਡਨੋਂ ਲਿਆਂਦਾ ਗਿਆ ਅਤੇ 'ਹੱਡਬੀਤੀ' ਸਿਰਲੇਖ ਤਹਿਤ ਛਾਪਿਆ ਗਿਆ। ਪ੍ਰੈਸ ਅਤੇ ਪ੍ਰਕਾਸ਼ਨ ਦੇ ਜ਼ਰੀਏ ਇਹ ਨਵੇਂ ਢੰਗ ਦੀ ਲੇਖਣੀ ਸੀ ਜਿਸ ਨੂੰ ਮੇਲਿਆਂ, ਦੀਵਾਨਾਂ ਅਤੇ ਹੋਰ ਇਕੱਤਰਤਾਵਾਂ ਵਿਚ ਵੰਡਿਆ ਜਾਂਦਾ ਸੀ ਅਤੇ ਜ਼ੁਬਾਨੀ ਪ੍ਰਚਾਰ ਵੀ ਕੀਤਾ ਜਾਂਦਾ ਸੀ। ਵਿਰਕ ਜੀ 'ਹੱਡਬੀਤੀ' ਵਾਲੀ ਦਸਤਾਵੇਜ਼-ਆਧਾਰਿਤ ਲੇਖਣੀ ਨੂੰ ਇਸ ਤੋਂ ਪਹਿਲਾਂ ਜਾਰੀ ਕਾਵਿ+ਇਤਿਹਾਸ-ਲੇਖਣ ਦੀ ਵੰਨਗੀ, ਗਿਆਨੀ ਗਿਆਨ ਸਿੰਘ ਜੀ ਦੇ 'ਪੰਥ ਪਰਕਾਸ਼' ਦੀ ਪ੍ਰੇਰਨਾ ਅਧੀਨ ਲਿਖੇ ਗਿਆਨੀ ਕਾਲਾ ਸਿੰਘ ਦਾ 'ਨਾਮਧਾਰੀ ਪੰਥ ਪਰਕਾਸ਼' ਤੋਂ ਵਖਰਿਆਉਂਦੇ ਹਨ। ਮੌਖਿਕ ਪਰੰਪਰਾ ਵੀ ਦਸਤਾਵੇਜ਼ੀ ਇਤਿਹਾਸ ਦੇ ਦੌਰ ਵਿਚ ਵੀ ਜਾਰੀ ਸੀ ਅਤੇ ਮਹਾਰਾਜ ਗੁਰਦਿਆਲ ਸਿੰਘ ''ਬਿਰਧਾਂ ਤੋਂ ਸੁਣੇ ਬਚਨ, ਨਾਮਧਾਰੀ ਇਤਿਹਾਸ ਸੰਬੰਧੀ ਖੋਜ ਰੋਜ਼ ਲਿਖਦੇ...।'' ਸੋ ਇਹ ਲੋਕ-ਕੰਠ ਅਤੇ ਅੱਖੀਂ ਡਿੱਠੇ ਦੀ ਵਾਰਤਾ ਨਾਮਧਾਰੀ ਇਤਿਹਾਸ-ਲੇਖਣ ਧਾਰਾ ਦਾ ਟਕਸਾਲੀ ਅੰਗ ਹੈ ਅਤੇ ਇਹ ਤੱਤ ਵਿਰਕ ਜੀ ਦੇ ਕਾਰਜ ਵਿਚ ਵੀ ਬਰਾਬਰ ਦੀ ਥਾਂ ਰੱਖਦੀ ਹੈ। ਭੈਣੀ ਸਾਹਿਬ ਡੇਰੇ ਦੇ ਕੁਸ਼ਲ ਪ੍ਰਬੰਧਕ ਰਹੇ ਆਪਣੇ ਪਿਤਾ ਜਥੇਦਾਰ ਗੁਰਮੁਖ ਸਿੰਘ ਝੱਬਰ ਵੱਲੋਂ ਪੁਰਾਣੇ ਨਾਮਧਾਰੀ ਸਿੰਘਾਂ ਦੀਆਂ ਸੁਣਾਈਆਂ ਗਾਥਾਵਾਂ ਅਤੇ ਕੂਕਾ ਕੇਂਦਰ ਦੇ ਅਨੁਭਵ ਨੂੰ 'ਅੱਖੀਂ ਢਿੱਠਾ ਕਿੱਸਾ ਕੀਤਾ' ਵਿਚ ਜਿਲਦਬੰਦ ਕੀਤਾ। ਪੁਸਤਕ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਵਿਰਕ ਜੀ ਆਪਣੇ ਪੁਰਖਿਆਂ ਦੇ ਬਚਨਾਂ ਨੂੰ ਮੁੜ ਤੋਂ ਮਾਣ ਰਹੇ ਹਨ ਅਤੇ ਸਾਡੇ ਤੱਕ ਉਸ ਕੂਕਾ ਜਗਤ ਦੇ ਮਜੀਠੀ ਸਿਦਕ ਦੀ ਵਾਰ ਪੁੱਜਦੀ ਕਰ ਰਹੇ ਹਨ। ਪਾਠਕ ਵਜੋਂ ਕਹਿਣਾ ਬਣਦਾ ਹੈ ਕਿ ਤੁਹਾਡੀ ਘਾਲਿ ਥਾਂਇਪਈ ਹੈ ਵਿਰਕ ਜੀ। ਬਾਬਾ ਵਾਰਿਸ ਸ਼ਾਹ ਤੁਠੇ ਹਨ ਤੇ ਆਖਦੇ ਹਨ: 'ਜਾਹ ਗੂੰਜ ਤੂੰ ਮੰਗਵਾੜ ਬੈਠਾ, ਬਖ਼ਸ਼ ਲਈ ਹੈ ਸਭ ਤਕਸੀਰ ਤੇਰੀ।'

ਹਜ਼ਰੋ ਸਾਹਿਬ ਦੇ ਬਾਬਾ ਬਾਲਕ ਸਿੰਘ ਜੀ ਤੋਂ ਤੁਰਿਆ ਇਹ ਅੰਦੋਲਨ ਅਗਲੇਰੇ ਪੜਾਅ ਉਤੇ ਸਤਿਗੁਰੂ ਰਾਮ ਸਿੰਘ, ਹਰੀ ਸਿੰਘ, ਪ੍ਰਤਾਪ ਸਿੰਘ, ਬੀਰ ਸਿੰਘ, ਜਗਜੀਤ ਸਿੰਘ ਜੀ ਦੀਆਂ ਜੀਵਨੀਆਂ ਰਾਹੀਂ ਸਾਨੂੰ ਕੂਕਾ ਲਹਿਰ ਦੇ ਆਰੰਭ ਹੋਣ ਦੇ ਸੰਦਰਭ, ਸੰਘਰਸ਼, ਸੰਗਠਨ, ਆਗੂ ਜਥਾ ਅਤੇ ਪ੍ਰਮੁਖ ਘਟਨਾਵਲੀਆਂ ਰਾਹੀਂ ਇਹ ਪੁਸਤਕ ਲੜੀ ਨਾਮਧਾਰੀ ਸੰਪਰਦਾਇ ਦੀ ਇਤਿਹਾਸ ਰੇਖਾ ਦੇ ਸਾਹਮਣੇ ਲੈ ਆਉਂਦੀ ਹੈ। ਅਗਲੇਰੇ ਵਿਸਥਾਰ ਵਿਚ 1857 ਦੀ ਵਿਸਾਖੀ ਵੇਲੇ ਦੇ ਪਹਿਲੇ ਪੰਜ ਪਿਆਰੇ; ਸੂਬੇ ਅਤੇ ਨਾਇਬ ਸੂਬੇ; ਜਥੇਦਾਰ, ਮਹੰਤ, ਕਥਾਵਾਚਕ, ਕੀਰਤਨੀਏ, ਆਦਿ ਆਉਂਦੇ ਹਨ। ਕਈ ਅਧਿਐਨ ਕਾਰਜ ਨਾਮਧਾਰੀਆਂ ਨੂੰ ਆਜ਼ਾਦੀ ਸੰਗਰਾਮ ਦੇ ਮੋਢੀ ਵਜੋਂ ਵੇਖਦੇ ਹਨ: ਕਈ ਇਸ ਲਹਿਰ ਨੂੰ millennial ਰੁਝਾਨ ਵਾਲਾ ਵਰਤਾਰੇ ਵਜੋਂ ਤੇ ਕਈ ਇਸ ਨੂੰ ਸਿੱਖ ਸਮਾਜ ਤੋਂ ਫ਼ਾਸਲੇ 'ਤੇ ਵਿਚਰਨ ਵਾਲੇ ਸੰਪਰਦਾਇ ਵਜੋਂ ਸਥਾਪਤ ਕਰਦੇ ਹਨ। ਹੁਣ ਹਿੰਦੂ ਬਹੁਗਿਣਤੀਵਾਦੀ ਵਿਚਾਰਧਾਰਾ ਤਹਿਤ ਇਸ ਨੂੰ ਸਨਾਤਨ ਪਰੰਪਰਾ ਅਨੁਸਾਰੀ ਮਿਸ਼ਰਿਤ ਸਭਿਆਚਾਰ ਦੀ ਵੰਨਗੀ ਵਜੋਂ ਦਰਸਾਉਣ ਦਾ ਰੁਝਾਨ ਵੀ ਦਿਸਦਾ ਹੈ। ਇਹ ਸਭ ਅਧਿਐਨ ਕਾਰਜ ਆਪੋ ਆਪਣੇ ਨੁਕਤੇ ਉਭਾਰਦੇ ਹਨ, ਪਰ ਕੂਕਾ ਲਹਿਰ ਦੇ ਮਰਮ ਤੱਕ ਲਿਜਾਂਦੇ ਕੇਂਦਰੀ ਸੂਤਰ ਬਾਰੇ ਮਤਭੇਦ ਬਣਿਆ ਰਹਿੰਦਾ ਹੈ। ਸੁਵਰਨ ਸਿੰਘ ਵਿਰਕ ਇਸ ਸੰਵੇਦਨਸ਼ੀਲ ਮਾਮਲੇ ਨੂੰ ਸੁਲਝਾਉਂਦੇ ਦਿਸਦੇ ਹਨ ਅਤੇ ਅਨੇਕ ਦਲੀਲਾਂ, ਤੱਥਾਂ ਅਤੇ ਦ੍ਰਿਸ਼ਟਾਂਤਾਂ ਸਦਕਾ ਕੂਕਾ ਲਹਿਰ ਦੇ ਕਿਰਦਾਰ ਦੀ ਸਾਂਝੀ ਤੰਦ ਵਜੋਂ ਇਸ ਦੇ 1857-1907 ਕਾਲ ਖੰਡ ਵਿਚ ਬਸਤੀਵਾਦੀ-ਵਿਰੋਧ ਦਾ ਧੁਰਾ ਹੋਣ ਨੂੰ ਸਥਾਪਦੇ ਹਨ। ਇੰਞ ਵੇਖਿਆਂ ਕੂਕਾ ਲਹਿਰ ਅੰਗਰੇਜ਼-ਸਿੱਖ ਜੰਗਾਂ ਦੀ ਸੈਨਿਕ, ਹਥਿਆਰਬੰਦ ਬਿਰਤੀ ਦੀ ਵਾਹਕ ਵੀ ਹੈ ਅਤੇ ਪ੍ਰਚਾਰ, ਸਮਾਜ ਸੁਧਾਰ, ਜਥੇਬੰਦੀ ਸਦਕਾ ਲੋਕ-ਉਭਾਰ ਦੀ ਤਿਆਰੀ ਵਿਚ ਜੁਟੀ ਹੋਈ ਆਧੁਨਿਕ ਕਿਸਮ ਦੀ ਸਿਆਸਤ ਲਈ ਪਿੜ ਵੀ ਤਿਆਰ ਕਰ ਰਹੀ ਦਿਸਦੀ ਹੈ। ਇਸ ਦੋਹਰੀ ਤਰਜ਼ ਦੀ ਕਰਮਧਾਰਾ ਨੇ ਕੂਕਾ

ਲਹਿਰ ਦੇ ਸਾਹਮਣੇ ਹਰ ਇਤਿਹਾਸਕ ਦੌਰ ਵਿਚ ਨਵੀਆਂ ਵੰਗਾਰਾਂ ਖੜ੍ਹੀਆਂ ਕੀਤੀਆਂ।

ਕਹਿਣਾ ਬਣਦਾ ਹੈ ਕਿ ਅੰਗਰੇਜ਼ ਫੌਜ ਨਾਲ ਬਰ ਮੇਚਣ ਲਈ ਯੂਰਪੀਨ ਤਰਜ਼ ਦੀ ਮਹਾਰਾਜਾ ਰਣਜੀਤ ਸਿੰਘ ਦੀ ਖ਼ਾਲਸਾ ਫੌਜ ਦੇ ਅੰਦਰਵਾਰ ਪੰਜਾਬੀ ਸਿਪਾਹੀਆਂ ਵਿਚ ਰਮੀ ਹੋਈ ਪੰਜਾਬੀ ਸੁਰਤ ਦਾ ਅੰਗਰੇਜ਼ ਸਾਮਰਾਜ ਦੇ ਵਰਤਾਰੇ, ਚਰਿੱਤਰ, ਕਾਰਜ ਪ੍ਰਣਾਲੀ ਨਾਲ ਨੇੜੇ ਦਾ ਵਾਹ, ਸੰਪਰਕ ਤੇ ਨਜ਼ਰਸਾਨੀ ਹੋਣ ਸਦਕਾ ਕਿਸੇ ਨਵੀਂ ਚੇਤਨਾ ਜਾਂ ਸਬਕ ਲਈ ਜ਼ਰੂਰੀ ਜ਼ਮੀਨ ਤਿਆਰ ਕਰਦਾ ਹੈ। ਲੋਕ-ਲਾਮਬੰਦੀ ਤੋਂ ਬਿਨਾਂ ਅੰਗਰੇਜ਼ ਸਾਮਰਾਜ ਨਾਲ ਸਿੱਧੀ ਟੱਕਰ ਤੋਂ ਟਾ਼ਲ ਕੱਢਣ ਦੇ ਬਾਬਾ ਰਾਮ ਸਿੰਘ ਦੇ ਤਰੀਕਾਕਾਰ, ਜਥੇਬੰਦਕ ਕੁਸ਼ਲਤਾ, ਰਣਨੀਤਕ ਸੰਪਰਕ, ਖ਼ਾਲਸਾਈ ਮਰਿਆਦਾ ਦੀ ਬਹਾਲੀ, ਸਮਾਜ ਅਤੇ ਧਰਮ-ਸੁਧਾਰ ਦੀ ਚੇਤਨਾ, ਕਿਰਤ ਨੂੰ ਮਨੁੱਖੀ ਚਰਿੱਤਰ ਦਾ ਕੇਂਦਰੀ ਧੁਰਾ ਮੰਨਣ ਦੀ ਧਾਰਨਾ - ਇਹ ਸਾਰੇ ਤੱਤ ਅਗਲੇਰੀਆਂ ਲੋਕ ਲਹਿਰਾਂ ਦੇ ਮੌਲਣ ਲਈ ਸਿਆੜ ਕੱਢਦੇ ਹਨ।ਇਸ ਰੁਝਾਨ ਦੀ ਤਰਜਮਾਨੀ ਕਰਦਾ 'ਇਤਿਹਾਸ-ਪੁਰਖ ਬਾਬਾ ਲਹਿਣਾ ਸਿੰਘ 'ਘਰਜਾਖ'' ਵਾਲਾ ਮਜ਼ਮੂਨ ਵੇਖੀਏ:

"ਸਤਿਗੁਰੂ ਰਾਮ ਸਿੰਘ ਜੀ ਦੁਆਰਾ ਸਿੱਖ ਪੁਨਰ-ਜਾਗਰਣ ਅਤੇ ਆਜ਼ਾਦੀ ਸੰਗਰਾਮ ਵਿੱਢਣ ਲਈ ਸਾਜੇ ਗਏ, ਨਾਮਧਾਰੀ ਜਾਂ ਕੂਕਾ ਪੰਥ ਦੀ ਵਿਸ਼ੇਸ਼ਤਾ ਇਹ ਸਮਝੀ ਗਈ ਕਿ ਜਿਹਨਾਂ ਲੋਕਾਂ ਦੇ ਹਿਰਦਿਆਂ ਵਿਚ, ਮਹਾਰਾਜਾ ਰਣਜੀਤ ਸਿੰਘ ਦੇ ਸਾਂਝੇ ਪੰਜਾਬੀ ਰਾਜ ਦਾ ਗੌਰਵ ਗੁਆਚਣ ਦਾ ਰੋਸ ਪੈਦਾ ਹੋਇਆ, ਉਹ ਧੀਰੇ-ਧੀਰੇ ਆਪ ਦੇ ਝੰਡੇ ਹੇਠ ਜੁੜਦੇ ਗਏ। ਇਸ ਕਾਰਨ ਸਿੱਖ ਸੈਨਾ, ਜਿਸ ਵਿਚ ਆਪ ਨੇ 1837 ਤੋਂ 1845 ਤੱਕ ਦਾ ਸਮਾਂ ਬਤੀਤ ਕੀਤਾ ਸੀ, ਇਸ ਨਾਲ ਸਬੰਧਿਤ ਬਹੁਤ ਸਾਰੇ ਸੈਨਿਕ ਅਤੇ ਉੱਚ ਅਧਿਕਾਰੀਆਂ ਨੇ ਵੀ ਕੂਕਾ ਅੰਦੋਲਨ ਨਾਲ ਜੁੜਨ ਵਿਚ, ਪੰਜਾਬ ਦੇ ਉੱਜਲ ਭਵਿੱਖ ਦੇ ਦਰਸ਼ਨ ਹੁੰਦੇ ਮਹਿਸੂਸ ਕੀਤੇ।...ਪੰਜਾਬ ਪੁਲਸ ਦੇ ਨਾਂ ਚਿੱਠੀ ਵਿਚ 50 ਕੂਕਾ ਮੁਖੀਆਂ ਦਾ ਜ਼ਿਕਰ ਕੀਤਾ ਗਿਆ ਹੈ...ਏਨੇ ਕੁ ਕੂਕਾ ਮੁਖੀ ਅੰਗਰੇਜ਼ੀ ਰਾਜ ਸਮੇਂ (1849 ਤੋਂ ਬਾਅਦ) ਪੁਲੀਸ ਜਾਂ ਫੌਜ ਵਿਚ ਰਹਿ ਚੁੱਕੇ ਸਨ...ਸੂਬਾ ਬ੍ਰਹਮਾ ਸਿੰਘ ਬਾਰੇ ਵੀ 1857 ਦੇ ਵਿਦਰੋਹ ਵਿਚ ਸ਼ਾਮਿਲ ਹੋਣਾ ਲਿਖਿਆ ਮਿਲਦਾ ਹੈ, ਸੋ ਉਹ ਵੀ ਸਾਬਕਾ ਸੈਨਿਕ ਸਨ।...ਰਾਜ ਖੁੱਸਣ ਤੋਂ ਬਾਅਦ ਨਲਵੇ ਸਰਦਾਰ ਦੇ ਵੰਸ਼ਜਾਂ ਦਾ ਸਤਿਗੁਰੂ ਰਾਮ ਸਿੰਘ ਜੀ ਦੀ ਅਗਵਾਈ ਵਿਚ ਭਰੋਸਾ ਪ੍ਰਗਟ ਕਰਨਾ, ਇਸ ਗੱਲ ਦਾ ਸਬੂਤ ਸੀ ਕਿ ਆਪ ਦਾ ਨਿਸ਼ਾਨਾ ਪੰਜ ਦਰਿਆਵਾਂ ਦੀ ਧਰਤੀ ਤੋਂ ਬਦੇਸ਼ੀ ਹਾਕਮਾਂ ਦਾ ਬਿਸਤਰਾ ਗੋਲ ਕਰਨਾ ਸੀ। ਕੂਕਾ ਲਹਿਰ ਦਾ ਸੰਕਲਪ ਐਸੀ ਰਾਜ ਸੱਤਾ ਦਾ ਸੀ ਜਿਹਦੇ ਤੋਂ ਸਮਾਜ ਦੇ ਨਾ ਸਿਰਫ਼ ਉਪਰਲੇ ਤਬਕੇ ਨੇ, ਸਗੋਂ ਦੱਬਿਆਂ-ਕੁਚਲਿਆਂ ਨੇ ਵੀ ਬੰਧਨ-ਮੁਕਤ ਹੋ ਕੇ ਲਾਭਵੰਤ ਹੋਣਾ ਸੀ।"

ਕੂਕਾ ਲਹਿਰ ਦੇ ਖ਼ਾਲਸਾ ਰਾਜ ਦੀ ਬਹਾਲੀ ਕਰਨ ਵਾਲੇ ਰਾਜਸੀ ਨਿਸ਼ਾਨੇ, ਸਮਾਜਕ ਏਕਤਾ ਅਤੇ ਭਵਿੱਖੀ ਘਾੜ੍ਹਤ ਲਈ ਤਿਆਰ ਹੋਇਆ ਪਹਿਲਾ ਪੂਰ ਪੰਜਾਬ ਦੀ ਆਜ਼ਾਦੀ ਲਈ ਜੋ ਮਜੀਠੀ ਰੰਗ ਦੇ ਬਸਤੀਵਾਦ-ਵਿਰੋਧੀ ਧਾਗੇ ਨਾਲ ਫੁਲਕਾਰੀ ਕੱਢਦਾ ਹੈ ਅਤੇ ਅਗਲੇ ਪੂਰਾਂ ਲਈ ਸਿਆੜ ਕੱਢਦਾ ਹੈ। ਇਹਨਾਂ ਸਿਦਕਧਾਰੀ ਪੁਰਖਾਂ ਦਾ ਬਿਆਨ ਕਰਦਿਆਂ ਵਿਰਕ ਜੀ 19-20ਵੀਂ ਸਦੀ ਦੇ ਪੰਜਾਬ ਦੇ ਇਤਿਹਾਸ, ਭੂਗੋਲ, ਸਮਾਜਚਾਰਾ, ਸਭਿਆਚਾਰ, ਸਾਹਿਤ, ਲੋਕ ਬੋਲੇ, ਆਦਿ ਨੂੰ ਚਿਤਰਦੇ ਜਾਂਦੇ ਹਨ, ਸਿਮਰਤੀਆਂ ਉਲੀਕਦੇ-ਉਘਾੜਦੇ ਜਾਂਦੇ ਹਨ ਕਿ ਸਾਡੇ ਨਜ਼ਦੀਕ ਕੂਕਾ ਲਹਿਰ ਪੰਜਾਬ ਦੀ ਥਿਰ ਹੁੰਦੀ ਜਾਂਦੀ ਕਾਇਆ ਵਿਚ ਨਵੇਂ ਲਹੂ ਦਾ ਸੰਚਾਰ ਕਰਦੀ ਦਿਸਦੀ ਹੈ। ਜਿਥੇ ਕਿਤੇ ਕਿਸੇ ਨਾਇਕ ਬਾਰੇ ਜ਼ਿਆਦਾ ਜਾਣਕਾਰੀ ਹਾਸਲ ਨਹੀਂ ਹੈ,ਉਥੇ ਵੀ ਡਿਸਟ੍ਰਿਕਟ ਗਜ਼ਟੀਅਰ ਵਿਚੋਂ, ਲੋਕ ਸਿਮਰਤੀ ਵਿਚੋਂ, ਸਿੱਖ ਇਤਿਹਾਸ ਵਿਚੋਂ ਢੁਕਵੇਂ ਵੇਰਵੇ ਦੇ ਕੇ ਮੁਕਾਮੀ ਇਤਿਹਾਸ (Local History) ਨੂੰ ਉਘਾੜ੍ਹਦੇ ਹਨ।ਮਿਸਾਲ ਵਜੋਂ ਨਾਮਧਾਰੀ ਸਿੱਖਾਂ ਦੀ 'ਮਸਤਾਨਾ ਪਰੰਪਰਾ' ਦੇ ਮੋਢੀਆਂ ਵਾਲਾ ਰੁਤਬਾ ਰੱਖਣ ਵਾਲੇ 'ਢਾਈਆਂ ਵਿਚੋਂ ਇਕ - ਸਮਰੱਥ ਪੁਰਖ ਬਾਬਾ ਜਮੀਅਤ ਸਿੰਘ ਕਾਹਨਾ ਕਾਛਾ' ਵਾਲਾ ਮਜ਼ਮੂਨ ਗੰਭੀਰ ਪ੍ਰਾਪਤੀ ਹੈ।

ਕੂਕਾ ਲਹਿਰ ਵਿਚ ਨਾਤੇਦਾਰੀ-ਸਾਕਾਚਾਰੀ ਸੰਬੰਧਾਂ ਦੀ ਸਰਗਰਮੀ ਦਿਸਦੀ ਹੈ।ਹੋਰਾਂ ਦੇ ਨਾਲ 'ਭਾਈ ਆਤਮਾ ਸਿੰਘ ਆਲੋ ਮੁਹਾਰ' ਪੰਜਾਂ ਪਿਆਰਿਆਂ ਵਿਚੋਂ ਇਕ ਸਨ। ਸੰਤ ਨਿਧਾਨ ਸਿੰਘ ਆਲਿਮ ਤੋਂ ਇਲਾਵਾ ਵੇਰਵੇ ਲਗਭਗ ਖ਼ਾਮੋਸ਼ ਹਨ, ਪਰ ਵਿਰਕ ਜੀ ਪੁਰਾਣੇ ਸਾਹਿਤ ਅਤੇ ਮੌਖਿਕ ਬਿਆਨਾਂ ਦੇ ਨਾਲ ਜ਼ਮੀਨੀ ਖੋਜ ਕਾਰਜ ਰਾਹੀਂ ਨਾਮਧਾਰੀ ਲਹਿਰ ਦੇ ਵਿਸਥਾਰਤ ਸਮਾਜਕ ਆਧਾਰ ਦੀ ਇਕ ਹੋਰ ਗੌਲਣਯੋਗ ਪਰਤ- ਸਰਕਾਰੀ ਨੌਕਰੀਸ਼ੁਦਾ, ਅਰੋੜੇ ਖਤਰੀ ਅਤੇ ਪੜ੍ਹੇ ਲਿਖੇ ਸ਼ਹਿਰੀ ਤਬਕੇ- ਸਾਹਮਣੇ ਲਿਆਉਂਦੇ ਹਨ:

"ਝਨਾਂ ਦੇ ਕੰਢੇ ਦਾ ਭਾਈ ਰੁਲਦੂ ਸਿੰਘ ਅਤੇ ਆਲੋ

ਮੁਹਾਰ (ਸਿਆਲਕੋਟ) ਦੇ ਦੋ ਹੋਰ ਪਟਵਾਰੀ ਕੂਕੇ - ਇਹ ਸਾਰੀ ਮਹਿਮਾ ਭਾਈ ਆਤਮਾ ਸਿੰਘ ਆਲੋ ਮੁਹਾਰ ਦੀ ਸੀ ਜਿਹਨਾਂ ਨਾ ਸਿਰਫ਼ ਆਪਣੇ ਪਿੰਡ ਵਿੱਚ, ਸਗੋਂ ਗੁਆਂਢੀ ਜ਼ਿਲ੍ਹਿਆਂ ਦੇ ਅਰੋੜੇ ਖਤਰੀਆਂ ਅਤੇ ਪੜ੍ਹੇ ਲਿਖੇ ਸ਼ਹਿਰੀ ਤਬਕੇ ਵਿਚ ਵੀ ਕੂਕੇ ਬਣਾਏ। ਟੇਕ ਸਿੰਘ ਪਟਵਾਰੀ ਜਿਹੇ ਕੱਟੜ ਕੂਕੇ ਹੀ ਆਪਣੀ ਨੌਕਰੀ ਦੀ ਕੀਮਤ 'ਤੇ ਵੀ ਕਹਿ ਸਕਦੇ ਸਨ ਕਿ ਸੱਚਾ ਗੁਰੂ ਤਾਂ ਸਤਿਗੁਰੂ ਰਾਮ ਸਿੰਘ ਹੀ ਹੈ। ਭਾਈ ਆਤਮਾ ਸਿੰਘ ਅਲੋਪ ਰਹਿ ਕੇ ਵੀ ਨਾਮਧਾਰੀ ਇਤਿਹਾਸ 'ਤੇ ਆਪਣੀ ਡੂੰਘੀ ਛਾਪ ਛੱਡਦਾ ਹੈ। ''

ਇਸ ਪੁਸਤਕ ਲੜੀ ਵਿਚ ਕੂਕਾ ਲਹਿਰ ਅੰਦਰ ਔਰਤਾਂ ਦੀ ਸਰਗਰਮ ਹਿੱਸੇਦਾਰੀ ਅਨੇਕ ਪੱਧਰਾਂ ਉਤੇ ਦਿਸਦੀ ਹੈ। ਪੰਜਾਬ ਦੇ ਸਮਾਜਕ ਇਤਿਹਾਸ ਵਿੱਚ ਇਹਨਾਂ ਧਰਮੀ, ਦ੍ਰਿੜ੍ਹ ਅਤੇ ਸੰਗਰਾਮੀ ਔਰਤਾਂ ਦੀ ਗਿਣਤੀ ਅਤੇ ਵੇਰਵੇ ਦੇ ਕੇ ਉਹਨਾਂ ਦੀ ਕਰਨੀ ਨੂੰ ਕੇਂਦਰ ਵਿਚ ਲਿਆਉਣਾ ਇਸ ਉੱਦਮ ਦੀ ਨਿੱਗਰ ਪ੍ਰਾਪਤੀ ਹੈ। ਮਾਈ ਜੁਆਲਾ ਦੇਈ, ਮਹਾਰਾਣੀ ਜਿੰਦਾਂ, ਮਾਈ ਗੁਰਦੇਈ ਖੰਨੇ ਵਾਲੀ, ਮਾਈ ਅਤਰੀ, ਮਾਤਾ ਜੀਵਨ ਕੌਰ, ਗੁਰੂ ਜਨਨੀ ਮਾਤਾ ਸਦਾ ਕੌਰ, ਜਗਤ ਮਾਤਾ ਜੱਸਾਂ ਜੀ, ਬੀਬੀ ਨੰਦਾਂ, ਜਗਤ ਮਾਤਾ ਫ਼ਤਹਿ ਕੌਰ ਜੀ, ਮਾਈ ਭੋਲੀ ਲੁਧਿਆਣੇ ਵਾਲੀ, ਮਾਤਾ ਭੁਪਿੰਦਰ ਕੌਰ ਜੀ, ਮਾਤਾ ਸਾਹਿਬ ਕੌਰ ਪੱਧਰੀ, ਮਾਈ ਇੰਦ ਕੌਰ ਹੰਢਿਆਇਆ, ਮਾਈ ਉੱਤਮੀ ਉਰਫ਼ ਘੁੱਲੀ, ਮਾਈਅਤਰ ਕੌਰ ਮਾਈਸਰਖਾਨਾ, ਮਾਈ ਬੁੱਧਾਂ, ਮਾਈ ਮਹਾਤਮਾ ਜਾਂ ਸੂਬਾ ਹੁਕਮ ਕੌਰ ਅਤੇ ਹੋਰ ਸਿਦਕੀ ਵੀਰਾਂਗਣਾਵਾਂ ਦਾ ਵਰਨਣ ਸਾਡੇ ਸਿਰ ਵਿਰਕ ਜੀ ਵੱਲੋਂ ਕੀਤਾ ਅਹਿਸਾਨ ਹੈ। ਨਾਮਧਾਰੀ ਪੰਥ ਵਿਚ ਪਹਿਲਾ ਇਸਤਰੀ ਸੂਬਾ ਹੋਣ ਦਾ ਮਾਣ ਬੀਬੀ ਹੁਕਮ ਕੌਰ ਜੀ ਨੂੰ ਜਾਂਦਾ ਹੈ। ਬਾਬਾ ਰਾਮ ਸਿੰਘ 'ਨਾਰੀ ਨਿੰਦਾ' ਵਾਲੇ 'ਸਭਿਆਚਾਰ' ਤੋਂ ਦੂਰ ਸਨ, ਔਰਤਾਂ ਦੀ ਹਸਤੀ ਦਾ ਸਨਮਾਨ ਬਹਾਲ ਕਰਨ ਹਿੱਤ ਆਵਾਜ਼ ਬੁਲੰਦ ਕਰਦਿਆਂ ਕੁਰੀਤੀਆਂ ਤਜਣ ਨੂੰ ਨਾਮਧਾਰੀ ਜੀਵਨ ਜਾਚ ਦਾ ਅੰਗ ਬਨਾਉਣ ਵਾਲੇ ਸਨ। ਕੂਕਾ ਲਹਿਰ ਦੇ ਸਮਾਜਕ ਪਸਾਰ ਵਿੱਚ ਇੱਕ ਨੁਕਤਾ ਸਾਡਾ ਧਿਆਨ ਖਿੱਚਦਾ ਹੈ ਕਿ ਸਾਦਾ, ਸਮੂਹਿਕ ਅਤੇ ਅੰਤਰਜਾਤੀ ਵਿਆਹਾਂ ਦੀ ਪਰੰਪਰਾ ਵੀ ਸਾਹਮਣੇ ਆਉਂਦੀ ਹੈ ਅਤੇ ਜੱਟਾਂ ਦੀਆਂ ਧੀਆਂ ਦੇ ਰਿਸ਼ਤੇ ਰਾਮਗੜ੍ਹੀਆਂ, ਛੀਂਬਿਆਂ, ਆਦਿ ਵਿੱਚ ਹੁੰਦੇ ਹਨ। ਔਰਤਾਂ ਨੂੰ ਗੁਰਮੁਖੀ ਵਿੱਚ ਸਿੱਖਿਅਤ ਕਰਨਾ ਅਤੇ ਸਿੰਘਾਂ ਦੇ ਬਰਾਬਰ ਹੀ ਖਾਲਸਈ ਰਹਿਤ ਮਰਿਆਦਾ ਦੇ ਧਾਰਨੀ ਬਨਾਉਣ ਜਿਹੇ ਕਾਰਜ ਤੋਰਨਾ ਕਿ ''ਭੈਣਾਂ ਨੂੰ ਵੀ ਆਪਣੇ ਭਰਾਵਾਂ ਨਾਲ ਮਿਲ ਕੇ ਗੋਰਿਆਂ ਦੇ ਖ਼ਿਲਾਫ਼ ਜੰਗ ਲੜਨ ਲਈ ਤਿਆਰ ਕੀਤਾ ਜਾ ਰਿਹਾ ਹੈ। ''

ਇਸ ਰੌਸ਼ਨੀ ਵਿਚ ਦੇਖਿਆਂ 'ਸੂਬਾ ਹੁਕਮੀ' ਇਕ ''ਪੜ੍ਹੀ ਲਿਖੀ, ਨਾਮਬਾਣੀ ਵਿਚ ਪਰਪੱਕ ਕਿਸਾਨ ਪਿਛੋਕੜ ਵਿਚੋਂ ਆਈ, ਮਾਝਾ ਖਿੱਤੇ ਨਾਲ ਸੰਬੰਧਿਤ, ਯੁਵਾ ਅਤੇ ਉਤਸ਼ਾਹੀ'' ਔਰਤ ਸੀ। ਇਸ ਚੋਣ ਉੱਤੇ ਪੂਰਾ ਉਤਰਨ ਲਈ: ''ਆਪਣਾ ਸਮੁੱਚਾ ਜੀਵਨ, ਗੁਰੂ ਆਸ਼ੇ ਅਨੁਸਾਰ, ਗੁਰਮਤ ਜੀਵਨ ਜਾਚ ਦਾ ਪ੍ਰਚਾਰ ਕਰਦਿਆਂ, ਸਧਾਰਨ ਤੋਂ ਲੈ ਕੇ ਰਾਜ ਦਰਬਾਰਾਂ ਦੀਆਂ ਬੀਬੀਆਂ ਨੂੰ ਸਿੱਖੀ ਵਿਚ ਪਰਪੱਕ ਕਰਨ ਲਈ ਵਕਫ਼ ਕਰ ਦਿੱਤਾ। '' ਮਾਈ ਮਹਾਤਮਾ ਦੇ ਲਕਬ ਨਾਲ ਜਾਣੀ ਜਾਂਦੀ ਬੀਬੀ ਹੁਕਮ ਕੌਰ ਦੇ ਕਾਰਜਾਂ ਬਾਰੇ ਪੁਲੀਸ ਰਿਕਾਰਡ ਵੀ ਬੋਲਦਾ ਹੈ। ਇਨ੍ਹਾਂ ਇੰਦਰਾਜਾਂ ਤੋਂ ਵਿਰਕ ਜੀ 19ਵੀਂ ਸਦੀ ਦੇ ਪੰਜਾਬੀ ਸਮਾਜ ਵਿਚ ਇਕ ਪੇਂਡੂ ਕਿਸਾਨੀ ਪਿਛੋਕੜ ਵਾਲੀ ਪ੍ਰਬੁੱਧ ਔਰਤ, ਸੂਬਾ ਹੁਕਮ ਕੌਰ ਦਾ ਜੀਵਨ ਵਰਨਣ ਕਰਦਿਆਂ ਉਸ ਦੀ ਬੌਧਿਕ ਸਿਖਲਾਈ, ਜਨਤਕ ਤੌਰ 'ਤੇ ਕਥਾਕਾਰੀ ਕਰਨਾ ਅਤੇ ਕੂਕਾ ਸੂਬਾ ਹੋਣ ਕਰ ਕੇ ਅੰਦੋਲਨ ਨੂੰ ਲਾਮਬੰਦ ਕਰਦਿਆਂ ਨਜ਼ਰਬੰਦੀ ਹੰਢਾਉਣ ਬਾਰੇ ਸਾਨੂੰ ਵਡਮੁੱਲੀ ਜਾਣਕਾਰੀ ਦਿੰਦੇ ਹਨ:

''ਛੋਟੀ ਉਮਰ ਤੋਂ ਹੀ ਉਸ ਅੰਮ੍ਰਿਤਸਰ ਵਿਚ ਨਿਰਮਲੇ ਸੰਤ ਮਿਸ਼ਰਾ ਸਿੰਘ ਜੀ ਦੇ ਡੇਰੇ ਰਹਿ ਕੇ, ਆਦਿ ਗ੍ਰੰਥ ਅਤੇ ਸ੍ਰੀ ਦਸਮ ਗ੍ਰੰਥ ਸਾਹਿਬ ਦੀ ਵਿਦਿਆ, ਅਰਥ-ਬੋਧ ਅਤੇ ਵੇਦਾਂਤ ਦੀ ਜਾਣਕਾਰੀ ਵੀ ਹਾਸਿਲ ਕੀਤੀ। ਆਪ ਹਰ ਰੋਜ਼ ਬਾਬਾ ਦੀਪ ਸਿੰਘ ਸ਼ਹੀਦ ਦੇ ਬੁੰਗੇ, ਪਰਕਰਮਾ ਵਿਚ ਕਥਾ ਵੀ ਕਰਿਆ ਕਰਦੇ ਸਨ। ਫ਼ਿਰ ਸਤਿਗੁਰੂ ਰਾਮ ਸਿੰਘ ਜੀ ਦੇ 1862 ਈ. ਦੀਵਾਲੀ ਸਮੇਂ ਅੰਮ੍ਰਿਤਸਰ ਦਰਸ਼ਨ ਦੇਣ ਵੇਲੇ, ਬੀਬੀ ਹੁਕਮੀ ਵੀ ਨਾਮ ਦੀ ਦਾਤ ਲੈ ਕੇ ਨਾਮਧਾਰੀ ਸੰਤ ਖਾਲਸੇ ਵਿਚ ਸ਼ਾਮਲ ਹੋ ਗਈ ਅਤੇ ਬਾਕੀ ਜੀਵਨ ਗੁਰਮਤ ਪ੍ਰਚਾਰ ਅਤੇ ਵਿਦੇਸ਼ੀ ਹਕੂਮਤ ਵਿਰੁੱਧ ਜਨ ਵਿਦਰੋਹ ਲਾਮਬੰਦ ਕਰਨ ਨੂੰ ਸਮਰਪਿਤ ਕਰ ਦਿੱਤਾ। 1872 ਈ. ਵਿੱਚ ਇੱਕ ਪ੍ਰਮੁਖ ਕੂਕਾ ਸੂਬਾ ਦੇ ਤੌਰ 'ਤੇ ਆਪ ਨੂੰ ਪੇਕੇ ਪਿੰਡ ਵਰਿਆਂਹ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਪਿੰਡ ਵਿੱਚ ਕਥਾ ਕਰਨੀ, ਕੀਰਤਨ ਕਰਨਾ ਅਤੇ ਸੁਬ੍ਹਾ ਸ਼ਾਮ ਸਤਿਸੰਗ ਦੇ ਅਸਰ ਹੇਠ ਬਹੁਤ ਸਾਰੇ ਲੋਕ, ਨਾਮਧਾਰੀ ਸੰਤ ਖ਼ਾਲਸਾ ਦੇ ਲੜ ਲੱਗ ਗਏ। ''

ਗ਼ਦਰੀ ਬੀਬੀ ਗੁਲਾਬ ਕੌਰ ਬਖ਼ਸ਼ੀਵਾਲਾ, ਭਾਬੀ ਦੁਰਗਾਵਤੀ ਅਤੇ ਹੋਰ ਸੰਗਰਾਮੀ ਔਰਤਾਂ ਦੀ ਅਗਵਾਈ

ਕਰਨ ਵਾਲੀ ਬੀਬੀ ਹੁਕਮੀ ਨੂੰ ਸਾਡੇ ਸਮਿਆਂ ਵਿਚ ਲੈ ਆਉਣਾ ਵਿਰਕ ਜੀ ਦਾ ਸਥਾਈ ਯੋਗਦਾਨ ਮੰਨਿਆ ਜਾਵੇਗਾ।

ਸਾਮਰਾਜ-ਵਿਰੋਧ ਦੀ ਚੂਲ ਕੂਕਾ-ਲਹਿਰ ਨੂੰ ਇਕਾਗਰਤਾ ਦਿੰਦੀ ਹੈ। ਜਿਸ ਨਾਲ ਸਿੱਖ ਲਹਿਰ ਦੀ ਵਿਰਾਸਤੀ ਚਿੰਨ੍ਹ ਪ੍ਰਣਾਲੀ, ਗਿਆਨ-ਚੇਤਨਾ ਅਤੇ ਸਚਿਆਰ ਕਮਾਉਣ ਦੇ ਉਦੇਸ਼ ਦਾ, 19 ਵੀਂ ਸਦੀ ਦੇ ਦੂਜੇ ਅੱਧ ਵਿਚ ਬਸਤੀਵਾਦੀ ਹਕੂਮਤ ਖ਼ਿਲਾਫ਼ ਸੰਘਰਸ਼ ਨੂੰ ਸਾਹਮਣੇ ਰੱਖਦਿਆਂ, ਰਾਜਸੀ-ਵਿਚਾਰਧਾਰਕ ਪਲਟਾਅ ਕੀਤਾ ਗਿਆ।ਕੂਕਾ ਰਹਿਤ ਦੇ ਧਾਰਨੀਆਂ ਨੂੰ ਹਕੂਮਤ ਕੈਰੀ ਅੱਖ ਨਾਲ ਵੇਖਦੀ ਸੀ।ਮਿਸਾਲ ਵਜੋਂ ਮਾਲਵੇ ਦਯਿਾਂ ਰਿਆਸਤਾਂ ਵਿਚੋਂ ਫ਼ਰੀਦਕੋਟ ਦੀ ਜੇਲ੍ਹ ਵਿਚ ਕੈਦ 'ਭੂਰਿਆਂ ਵਾਲਿਆਂ ਵਿਚੋਂ ਇੱਕ – ਬਾਬਾ ਕਾਹਨ ਸਿੰਘ ਬਾਜਾ ਖਾਨਾ' ਨੂੰ:

"ਰਾਜੇ ਵੱਲੋਂ ਵਾਰ-ਵਾਰ ਕੂਕਾ ਰਹਿਤ ਮਰਿਆਦਾ ਤਿਆਗਣ ਲਈ, ਖੂਹ ਵਿਚੋਂ ਡੋਲ ਨਾਲ ਕੱਢਣ ਦੀ ਜਗ੍ਹਾ ਚਮੜੇ ਦੇ ਬੋਕੇ ਨਾਲ ਉਸ ਵਿਚੋਂ ਕੱਢਿਆ ਪਾਣੀ, ਪੀਣ ਅਤੇ ਸਤਿਗੁਰੂ ਰਾਮ ਸਿੰਘ ਨੂੰ ਆਪਣਾ ਇਸ਼ਟ ਨਾ ਮੰਨਣ ਕਿਹਾ ਜਾਂਦਾ।...ਕੂਕਿਆਂ ਦੀ ਕਿਸੇ ਵੀ ਸਮਾਜਿਕ ਜਾਂ ਧਾਰਮਿਕ ਜਥੇਬੰਦੀ ਵਿਚ ਸ਼ਾਮਿਲ ਹੋਣਾ ਹੀ ਰਾਜ-ਵਿਰੋਧੀ ਗਤੀਵਿਧੀ ਸਮਝਿਆ ਜਾਂਦਾ ਸੀ।... (ਕੂਕੇ)...ਅਰਦਾਸ ਵਿਚ ਜਦੋਂ "ਮਹਾਂ-ਮਲੇਛ ਦਾ ਨਾਸ" ਅਤੇ ਆਪਣੇ "ਸੰਤ ਖਾਲਸੇ ਦੇ ਪਰਕਾਸ਼" ਦੀ ਮੰਗ ਕਰਦੇ ਹਨ ਤਾਂ ਇਸ ਨਾਲ ਉਹ ਆਮ ਲੋਕਾਂ ਵਿਚ ਅੰਗਰੇਜ਼ ਰਾਜ-ਵਿਰੋਧੀ ਜਜ਼ਬਾ ਉਭਾਰਦੇ ਹਨ...।"

ਸਾਡੇ ਲਈ ਸਾਫ਼ ਹੁੰਦਾ ਜਾਂਦਾ ਹੈ ਕਿ ਸਾਮਰਾਜ-ਵਿਰੋਧ ਨੂੰ ਆਪਣੇ ਉਤਸਾਹੀ ਬੋਲਿਆਂ ਸਦਕਾ ਸਿੱਖ ਲਹਿਰ ਦੇ ਟਕਸਾਲੀ ਸੰਘਰਸ਼ੀ ਚਿੰਨ੍ਹ ਪ੍ਰਬੰਧ ਵਿਚ ਢਾਲੇ ਜਾਣ ਦੀ ਕਵਾਇਦ ਜਾਰੀ ਸੀ। ਸਪੱਸ਼ਟ ਇਹ ਵੀ ਹੈ ਕਿ ਇਨ੍ਹਾਂ ਰਿਆਸਤਾਂ ਦੇ ਰਾਜੇ ਅਤੇ ਅਹਿਲਕਾਰ ਅੰਗਰੇਜ਼-ਪੱਖੀ ਸਨ, ਪਰ ਉਥੋਂ ਦੀ ਜਨਤਾ ਵਿਚ ਕੂਕਾ-ਹਮਦਰਦੀ ਦੀ ਭਾਵਨਾ ਮੌਜੂਦ ਸੀ।

ਇਸੇ ਭਾਵਨਾ ਦਾ ਇਕ ਹੋਰ ਸਰੋਤ ਕੂਕਾ ਕੇਂਦਰ ਭੈਣੀ ਸਾਹਿਬ ਦੇ ਡੇਰੇ ਦੇ ਬੂਹੇ 'ਤੇ ਅੰਗਰੇਜ਼ ਸਰਕਾਰ ਦੀ ਪੁਲੀਸ ਚੌਂਕੀ (1872-1923) ਸੀ। 'ਸ੍ਰੀ ਮਹਾਰਾਜ ਬੀਰ ਸਿੰਘ ਜੀ- ਜੀਵਨ ਅਤੇ ਰਚਨਾ' ਵਿਚ ਵਿਰਕ ਜੀ ਇਸ ਚੌਂਕੀ ਅਤੇ ਬਾਬਾ ਰਾਮ ਸਿੰਘ ਜੀ ਦੀ ਰੰਗੂਨ ਵਿਚ ਜਲਾਵਤਨੀ ਦੀ ਕਰਕ ਅਤੇ ਰੋਹ ਬਾਰੇ ਦੱਸਦੇ ਹਨ:

"ਆਪਣੇ ਪਰਦੇਸੀ ਪ੍ਰੀਤਮ, ਸਤਿਗੁਰੂ ਰਾਮ ਸਿੰਘ ਜੀ ਦੇ ਮੁੜ ਘਰ ਪਰਤਣ, ਦੇਸ਼ ਵਾਪਸੀ ਲਈ ਕੂਕੇ ਮਸਤਾਨਿਆਂ ਦੇ ਹਉਕੇ, ਹਟਕੋਰੇ ਅਜੇ ਭੈਣੀ ਸਾਹਿਬ ਦੀਆਂ ਫ਼ਿਜ਼ਾਵਾਂ ਵਿਚ ਅਕਸਰ ਸੁਣੇ ਜਾਂਦੇ ਸਨ। ਇਹੋ ਕਾਰਨ ਸੀ ਕਿ ਜਿਸ ਵਾਤਾਵਰਨ ਵਿਚ ਆਪ ਦੀ ਪਰਵਰਿਸ਼ ਹੋਈ ਉਸ ਵਿਚ ਫਰੰਗੀ ਸਰਕਾਰ ਦੀ ਰਾਜ-ਭਗਤੀ ਦੀ ਕੋਈ ਗੁੰਜਾਇਸ਼ ਨਹੀਂ ਸੀ। ਸਥਾਪਿਤ ਸੱਤਾ ਅਤੇ ਗ਼ਲਤ ਕਦਰਾਂ ਕੀਮਤਾਂ ਤੋਂ ਨਾਬਰੀ, ਇਸ ਤਰ੍ਹਾਂ ਆਪ ਦੇ ਸੁਭਾਅ ਦਾ ਅਨਿੱਖੜਵਾਂ ਅੰਗ ਬਣ ਗਈ।"

ਪਹਿਲਾਂ ਖਾਲਸਾ ਰਾਜ ਖੋਹੇ ਜਾਣ ਦਾ ਕਾਲਚੱਕਰ, ਫਿਰ ਉਸ ਨੂੰ ਹਾਸਲ ਕਰਨ ਹਿਤ ਲਾਮਬੰਦੀ ਦਾ ਦੌਰ ਅਤੇ ਹੁਣ ਮਲੇਰਕੋਟਲੇ ਦੇ ਸਾਕੇ ਮਗਰੋਂ 'ਪ੍ਰੀਤਮ' ਦੇ 'ਪਰਦੇਸੀ' ਹੋ ਜਾਣ ਦਾ ਸੱਲ ਨਾਮਧਾਰੀ ਪੰਥ ਦੀ ਅੰਤਰੀਵ ਭਾਵਨਾ ਵਿਚ ਬਿਰਹੋਂ-ਵੈਰਾਗ ਦੀ ਤੰਦ ਜੋੜ ਗਿਆ। ਇਹ ਤੰਦ ਸਾਨੂੰ ਇਤਿਹਾਸਕ ਘਟਨਾਵਲੀ, ਸਾਮਰਾਜੀ ਦਮਨ ਅਤੇ ਪੰਜਾਬੀ ਲੋਕਾਈ ਦੇ ਹਿਰਾਵਲ ਦਸਤੇ ਵਾਸਤੇ ਖੜ੍ਹੀ ਹੋਈ ਵੰਗਾਰ ਨਾਲ ਦੋ-ਚਾਰ ਕਰਵਾਉਂਦੀ ਹੈ।

ਸੁਵਰਨ ਸਿੰਘ ਵਿਰਕ ਇਸ ਮੁਕਾਮ ਉੱਤੇ ਸਾਡੇ ਵੱਡੇ ਸੇਧਗਾਰ ਵਜੋਂ ਲੋੜੀਂਦੇ ਸੰਦਰਭਾਂ ਨੂੰ ਰੌਸ਼ਨ ਕਰਦੇ ਹਨ। ਸਾਨੂੰ ਸੋਝੀ ਦਿੰਦੇ ਹਨ ਕਿ ਕੂਕਾ ਲਹਿਰ ਦੇ ਕੇਂਦਰੀ ਉਦੇਸ਼, ਸੰਗਠਨ ਅਤੇ ਸਰਗਰਮੀ ਦੇ ਸਮਾਨਅੰਤਰ ਅਤੇ ਸਹਿਯੋਗੀ ਧਾਰਾਵਾਂ ਵਗਦੀਆਂ ਰਹੀਆਂ ਹਨ। ਉਦਾਹਰਨ ਵਜੋਂ 'ਮਸਤਾਨਾ ਧਾਰਾ', 'ਖਾੜਕੂ ਧਾਰਾ', 'ਰਾਮ-ਵਿਯੋਗੀਆਂ' ਦੀ ਧਾਰਾ, 'ਰੰਗੂਨ ਦਰਸ਼ਨੀਆਂ' ਦੀ ਧਾਰਾ ਅਤੇ ਭਾਈ ਸੱਦਾ ਸਿੰਘ ਕਬੀਰ ਵਾਲੀ 'ਛੂਤੀਆ ਸ਼ਾਖਾ' ਅਤੇ ਹੋਰ ਅਜਿਹੀਆ ਧਾਰਾਵਾਂ ਜਿਹਨਾਂ ਦਾ ਜ਼ਿਕਰ ਸਾਡੀ ਅਕਾਦਮਿਕ ਇਤਿਹਾਸਕਾਰੀ ਵਿਚ ਅਕਸਰ ਨਹੀਂ ਹੁੰਦਾ। ਉਹਨਾਂ ਵਿਚ ਕੂਕਾ ਲਹਿਰ ਦਾ ਕੇਂਦਰੀ ਚਰਿੱਤਰ, ਨਿਸ਼ਾਨਾ, ਸਰਗਰਮੀ ਅਤੇ ਆਗੂਆਂ ਦਾ ਜ਼ਿਕਰ ਹੁੰਦਾ ਹੈ।1872 ਵਿਚ ਬਾਬਾ ਰਾਮ ਸਿੰਘ ਦੀ ਜਲਾਵਤਨੀ ਮਗਰੋਂ ਦਾ ਕਾਲ ਖੰਡ ਨਵੇਂ ਆਗੂਆਂ ਨਾਲ ਮੁਸ਼ਕਿਲ ਹਾਲਾਤ ਵਿਚ ਸਰਕਾਰੀ ਦਬਾਅ, ਤਣਾਅ ਅਤੇ ਦਮਨ ਨੂੰ ਝੱਲਦਿਆਂ ਸਾਮਰਾਜ-ਵਿਰੋਧ ਦਾ ਸਭਿਆਚਾਰ ਉਸਾਰਨ ਅਤੇ ਪ੍ਰਸਾਰਨ ਦਾ ਸਵਾਲ ਉੱਭਰਦਾ ਜਾਂਦਾ ਹੈ। ਇਹਨਾਂ ਜੀਵਨੀਆਂ ਵਿਚ ਨਾਮਧਾਰੀ ਪੰਥ ਦੇ ਸਨਮੁਖ ਅੰਦਰੂਨੀ ਵੰਗਾਰਾਂ ਅਤੇ ਬਾਹਰੀ ਏਕਤਾ ਕਾਇਮ ਰੱਖਣ ਦਾ ਮੁੱਦਾ ਹਾਜ਼ਰ ਰਹਿੰਦਾ ਹੈ। ਪਤਾ ਲਗਦਾ ਹੈ ਕਿ

ਇਸ ਖ਼ਿਲਾਅ ਵਿਚ ਨਵੇਂ ਗੱਦੀਦਾਰਾਂ ਵਜੋਂ ਦਾਅਵਾ ਕਰਨ ਲਈ ਕਈ ਮਾਈ-ਭਾਈ ਉਠ ਖੜ੍ਹੇ ਅਤੇ ਬਾਬਾ ਹਰੀ ਸਿੰਘ (1872-1906) ਨੇ ਕਿਸ ਤਰ੍ਹਾਂ ਇਨ੍ਹਾਂ ਚੁਣੌਤੀਆ ਨੂੰ ਨਜਿੱਠਿਆ। ਸਰਕਾਰ ਤੋਂ ਮਨਜ਼ੂਰੀ ਲੈ ਕੇ ਪ੍ਰਚਾਰ ਦੌਰੇ ਕਰਨੇ; ਲੰਗਰ ਦੀਵਾਨ ਲਾਉਣੇ; ਕਥਾ ਕੀਰਤਨ ਤੋਰਨਾ ਅਤੇ ਮੁਹੱਲੇ ਕੱਢਣ ਸਦਕਾ ਸੰਗਤਾਂ ਨੂੰ ਜੋੜ ਕੇ ਵੀ ਰੱਖਣਾ ਉੱਤੇ ਨਾਲ ਹੀ ਆਪਣਾ ਪ੍ਰਭਾਵ ਵੀ ਸਿੱਧ ਕਰਨਾ। ਇਸ ਸਾਰੇ ਦੌਰ ਵਿਚ ਸੰਤ ਸੰਤੋਖ ਸਿੰਘ ਬਾਹੋਵਾਲ ਨੂੰ ਹਾਲ ਅਹਿਵਾਲ ਲਿਖਣ ਲਈ ਨਾਲ ਰੱਖਣਾ, ਲਿਖੇ ਹੋਏ 'ਤੇ ਨਿਰਖ ਕਰਨੀ ਅਤੇ ਪੋਥੀ ਤਿਆਰ ਕਰਨੀ। ਇਤਾਲਵੀ ਮਾਰਕਸਵਾਦੀ ਦਾਨਿਸ਼ਵਰ ਅੰਤੋਨੀਓ ਗ੍ਰਾਮਸ਼ੀ ਅਨੁਸਾਰ ਪਹਿਲੇ ਦੌਰ ਵਿਚ ਰਾਜ ਸੱਤਾ ਨਾਲ ਸਿੱਧੇ ਟਾਕਰੇ (War of Attrition) ਵਿਚ ਨਾਕਾਮ ਹੋ ਜਾਣ ਪਿਛੋਂ ਨਵੀਂ ਰਣਨੀਤੀ ਤਹਿਤ ਸਭਿਆਚਾਰਕ-ਵਿਚਾਰਧਾਰਕ ਸਫ਼ਬੰਦੀ (War of Position) ਦੇ ਪੈਂਤੜੇ ਵਜੋਂ ਅਪਣਾਇਆ ਗਿਆ।

'ਜੋਟੀਆਂ' ਦੀਆਂ ਧਾਰਨਾਵਾਂ ਅਤੇ ਵਧੇਰੇ ਤੀਖਣ ਰੂਪ ਵਿਚ 'ਹੱਲੇ' ਦੀਆਂ ਧਾਰਨਾਵਾਂ ਨਾਲ ਕਥਾ-ਕੀਰਤਨ ਵਾਲਾ 'ਹੱਲੇ ਦਾ ਦੀਵਾਨ' ਇਸ ਦੌਰ ਦੇ ਕੂਕਾ ਅੰਦੋਲਨ ਦੀ ਮਹੱਤਵਪੂਰਨ ਸੰਸਥਾ ਬਣਦਾ ਤੁਰਿਆ ਗਿਆ। ਦੇਖਣ ਨੂੰ ਸਧਾਰਨ ਧਾਰਮਿਕ ਇਕੱਤਰਤਾ ਪਰ ਤੱਤ ਵਜੋਂ ਕੂਕਾ ਵਿਚਾਰਧਾਰਾ ਨਾਲ ਸੀਖੀ ਹੋਈ ਜੁਗਤ ਬਾਰੇ ਵਿਰਕ ਜੀ 'ਬਹੁ ਆਯਾਮੀ ਪ੍ਰਤਿਭਾ - ਸੰਤ ਨਿਧਾਨ ਸਿੰਘ 'ਆਲਿਮ', 'ਆਸ਼ਕਾਂ ਸਾਦਕਾਂ ਦੇ ਕੀਰਤਨੀਏ - ਸੰਤ ਲਾਲ ਸਿੰਘ ਜੀ 'ਭੂਰੇ ਗਿੱਲ', 'ਹੱਲੇ ਦੇ ਦੀਵਾਨ ਦਾ ਸਿਖਰ - ਜਥੇਦਾਰ ਅਤਰ ਸਿੰਘ ਇੰਦਰ ਮੋਹਣੀਆਂ ਵਾਲੇ' ਅਤੇ ਹੋਰ ਮਜ਼ਮੂਨਾਂ ਵਿਚ ਦਸਦੇ ਹਨ। ਵੰਨਗੀ ਦੇਖੋ:

"...ਮਹਾਂ ਪੁਰਖਾਂ ਦੇ ਡੇਰੇ ਦੀਵਾਨ ਸਜਿਆ ਹੋਇਆ ਹੈ। ਸਰਾਧਾਂ ਦੀ ਪੁੰਨਿਆ ਹੈ, ਭਾਦਰੋਂ ਦਾ ਮਹੀਨਾ ਹੈ। ਸੰਗਤ ਬੇਅੰਤ ਜੁੜੀ ਹੋਈ ਹੈ। ਸਾਡਾ ਜਥਾ 'ਆਸਾ ਦੀ ਵਾਰ' ਦਾ ਕੀਰਤਨ ਕਰ ਰਿਹਾ ਹੈ। ਸੰਤ ਨੱਥਾ ਸਿੰਘ ਜੀ ਬੜੇ ਪ੍ਰੇਮ ਨਾਲ ਖਲੋ ਕੇ ਪੜ੍ਹ ਰਹੇ ਹਨ - 'ਰਾਮ ਰਸੁ ਪੀਆ ਰੇ। ਜਿਹ ਰਸ ਬਿਸਰਿ ਗਏ ਰਸ ਅਉਰ ਲਲ (ਗਉੜੀ ਕਬੀਰਜੀ, ਪੰ. 337)

ਠਾਕੁਰ ਜੀ (ਸੰਤ ਕੇਸਰ ਸਿੰਘ ਮੁਹਾਵਾ ਵਾਲੇ) ਮਹਾਰਾਜ ਵੀ ਇਕ ਬੰਨਿਉਂ ਰਾਰਾ-ਰਾਰਾ ਕਰਦੇ ਆ ਜਾਂਦੇ ਹਨ। ਹੱਥਾਂ ਵਿਚ ਪਉਏ, ਖੜਤਾਲਾਂ ਵਾਂਦ ਵਜਾਉਂਦੇ ਹੋਏ, ਦੀਵਾਨ ਵਿਚ ਨਿਰਤਕਾਰੀ ਕਰ ਰਹੇ ਹਨ। ਹੋਰ ਵੀ ਕਈ ਸਾਧ ਮਸਤਾਨੇ ਹੋ ਜਾਂਦੇ ਹਨ। ਕਿਲਕਾਂ ਵੱਜਦੀਆਂ ਹਨ, ਬੋਲੇ ਹੋ ਰਹੇ ਹਨ, ਸੰਗਤ ਮਹਾਨ ਆਨੰਦ ਵਿਚ ਹੈ, ਲੋਕ ਅਸ਼-ਅਸ਼ ਕਰ ਰਹੇ ਹਨ। ਕਿੰਨਾ ਚਿਰ ਇਹ ਰੰਗ ਬੱਝਾ ਰਿਹਾ, ਦੀਵਾਨ ਦਾ ਭੋਗ ਪੈਂਦਾ ਹੈ।"

'ਸਤਿਜੁਗ' ਦੇ ਸੰਤ ਅੰਕ ਵਿਚ ਪ੍ਰਕਾਸ਼ਿਤ ਉਪਰੋਕਤ ਬਿਆਨ ਨਿਧਾਨ ਸਿੰਘ ਆਲਿਮ ਜੀ ਦਾ ਹੈ। ਵਿਰਕ ਜੀ ਇਥੇ ਸਾਨੂੰ ਸਹਿਜੇ ਹੀ ਨਾਮਧਾਰੀ ਸਾਹਿਤ ਦੇ ਨਗੀਨੇ ਦਿਖਾ ਜਾਂਦੇ ਹਨ। ਇਸ ਪੁਸਤਕ ਲੜੀ ਵਿਚ ਆਪਣੇ ਅਧਿਐਨ ਅਤੇ ਪੇਸ਼ਕਾਰੀ ਦੇ ਨਾਲ ਗੁੰਦ ਕੇ ਵਿਰਕ ਜੀ ਨੇ ਨਾਮਧਾਰੀ ਸਾਹਿਤ ਦੀ ਅਮੀਰ ਪਰੰਪਰਾ ਨੂੰ ਸਿਰਫ਼ ਦਸਤਾਵੇਜ਼ ਜਾਂ ਸਬੂਤ ਵਾਂਗ ਹੀ ਨਹੀਂ ਵਰਤਿਆ ਬਲਕਿ ਉਸ ਦੌਰ ਦੇ ਉਲੇਲ-ਖ਼ਮੀਰ ਨਾਲ ਸਾਨੂੰ ਹੇਲ-ਮੇਲ ਵੀ ਕੀਤਾ ਹੈ:

"ਮਸਤਾਨਿਆਂ ਨੇ ਹੱਸਦਿਆਂ-ਹੱਸਦਿਆਂ, ਕੌਮੀ ਮੁਕਤੀ ਲਈ ਸਿਰ ਵੀ ਵਾਰੇ, ਸਤਿਗੁਰੂ ਜੀ ਦੇ ਵਿਜੋਗ ਵਿਚ, 'ਪਰਦੇਸੀ ਪ੍ਰੀਤਮ' ਨੂੰ ਸਿੱਕਦੇ ਰਹੇ। ਉਹਨਾਂ ਰਾਹਾਂ ਨੂੰ ਵਿੰਹਦੇ ਰਹੇ ਜਿਥੋਂ ਉਹ ਪਰਦੇਸ ਗਏ ਸਨ। ਉਹ ਰੋਜ਼ ਸੁਬ੍ਹਾ ਸ਼ਾਮ ਦੇ ਦੀਵਾਨਾਂ ਵਿਚ, ਗੁਆਚੇ ਮਾਹੀ ਨੂੰ ਝਬਦੇ ਮੁੜ ਆਉਣ ਦੀਆਂ, ਵਿਜੋਗੀ ਧੁਨਾਂ ਅਲਾਪਦੇ ਰਹੇ। ਇਕ ਪੂਰਾ ਜੀਵਨ ਹਿਜਰ ਵਿਛੋੜੇ ਦੇ ਧੂੰਏਂ ਨੂੰ ਫੋਲਦਿਆਂ ਬਿਤਾ ਦੇਣਾ, ਕੋਈ ਇਹਨਾਂ ਕੂਕਿਆ ਮਸਤਾਨਿਆਂ ਤੋਂ ਸਿੱਖੇ।"

ਵਿਜੋਗ ਦੀ ਇਸ ਸਮੂਹਿਕ ਧਾਰਾ ਨੂੰ ਪੰਜਾਬ ਵਿਚ ਪ੍ਰਚਲਿਤ ਸੂਫ਼ੀ ਕਲਾਮ ਅਤੇ ਕਿੱਸਾ ਨਾਇਕਾਂ ਦੇ ਪ੍ਰਸੰਗਾਂ ਨਾਲ ਸੰਜੋਗਦਿਆਂ ਕੂਕਾ ਦੀਵਾਨ ਪੇਂਡੂ ਖੇਤਰ ਦੀ ਸਾਂਝੀ ਸਭਿਅਤਾ ਦਾ ਨਿਸ਼ਾਨ ਵੀ ਸਨ। ਇਸ ਸੰਦਰਭ ਵਿਚ ਵਿਰਕ ਜੀ ਨੇ ਆਲਿਮ ਜੀ ਦੇ ਦੀਵਾਨਾਂ ਦੀ ਸਾਰਥਕਤਾ ਇੰਝ ਦਰਸਾਈ ਹੈ:

"ਉਹਨਾਂ ਦੇ ਦੀਵਾਨਾਂ ਦਾ ਆਨੰਦ ਨਾਮਧਾਰੀ ਅਤੇ ਹੋਰ ਸਿੱਖ ਸੰਗਤ ਤੋਂ ਇਲਾਵਾ ਹਿੰਦੂ ਅਤੇ ਮੁਸਲਿਮ ਭਾਈਚਾਰੇ ਵੀ ਮਾਣਦੇ ਸਨ। ਉਹ ਇਸਲਾਮੀ ਅਤੇ ਹਿੰਦੂ ਪੌਰਾਣਿਕ ਗ੍ਰੰਥਾਂ ਦੇ ਵੀ ਗਹਿਰੇ ਵਾਕਿਫ਼ਕਾਰ ਸਨ। ਉਹਨਾਂ ਦੇ ਹੱਲੇ ਦੇ ਦੀਵਾਨ ਦੀਆਂ ਧਾਰਨਾਵਾਂ ਅਤੇ ਗਾਇਨ ਲੋਕ-ਧੁਨਾਂ ਅਤੇ ਲੋਕ-ਸ਼ੈਲੀ ਵਰਗਾ ਹੁੰਦਾ ਸੀ। ਉਹ ਪੜ੍ਹਿਆ ਕਰਦੇ ਸਨ- "ਰਾਧੇ ਭੁੱਲ ਗਈ ਗਗਰੀਆ ਉਠਾਣੀ, ਕਾਹਨ ਤਾਈਂ ਗਊਆਂ ਭੁੱਲੀਆਂ।"

**ਚਲਦਾ...**

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਸ੍ਰੀ ਸਤਿਗੁਰੂ ਜੀ ਨੇ 11 ਵੱਜਦੇ ਨੂੰ ਸਾਨੂੰ ਜਾਣ ਦਾ ਇਸ਼ਾਰਾ ਕਰ ਦਿੱਤਾ।

ਸਕੱਤਰ ਆਪ ਕਹਿੰਦਾ ਨਹੀਂ, ਸੁ ਉਹ ਹਵਾਈ ਯਾਤਰਾ ਦੀ ਥਾਂ ਬੱਸ ਤੇ ਹੀ ਅੱਜ ਰਾਤ ਤੱਕ ਭੈਣੀ ਸਾਹਿਬ ਪੁੱਜ ਜਾਵੇਗਾ।

ਇੱਕ ਗੱਲ 12 ਮਈ 1987 ਦੀ ਮੈਂ, ਮੇਰੀ ਪਤਨੀ, ਮੋਹਾਲੀ ਵਾਲੀ ਧੀ ਕੁਲਵੰਤ ਅਤੇ ਨੂੰਹ ਜੁਗਿੰਦਰ ਕੌਰ, ਛੋਟੇ ਲੜਕੇ ਸੁਖਬੀਰ ਸਿੰਘ ਦੀ ਵਿੱਦਿਅਕ ਜਥੇ ਦੇ ਸਾਲਾਨਾ ਸੰਮੇਲਨ ਸਮੇਂ ਆਨੰਦ ਕਾਰਜ ਕਰਵਾਣ ਹਿਤ ਕੁਛ ਖਰੀਦਾ ਖਰਾਦੀ ਲਈ ਗੁਫਾਰ ਮਾਰਕਿਟ ਵਿਚ ਸਾਂ ਕਿ ਮੰਡੀ ਦੇ ਸੰਤ ਗੁਰਚਰਨ ਸਿੰਘ ਚੰਨੀ ਆਪਣੀ ਪਤਨੀ ਬਲਬੀਰ ਕੌਰ ਅਤੇ ਪੁੱਤਰੀ ਨਾਲ ਮਿਲ ਪਏ। ਜਦੋਂ ਉਹ ਬਾਕੀ ਕੱਪੜਾ ਖਰੀਦਣ ਵਿਚ ਮਦਦ ਕਰ ਰਹੇ ਸਨ, ਬੀਬੀ ਬਲਬੀਰ ਨੇ ਮੈਨੂੰ ਇਕ ਭਿਆਨਕ ਖਬਰ ਸੁਣਾਈ ਸੰਤ ਗੁਰਬਖ਼ਸ਼ ਸਿੰਘ ਰਾਮਪੁਰੀ ਦੇ ਛੋਟੇ ਲੜਕੇ ਗੁਰਦੀਪ ਸਿੰਘ (14) ਦੀ ਬਾਜ਼ੂ ਅਰਕ ਤੋਂ ਜ਼ਰਾ ਹੇਠਾਂ ਤੱਕ ਵੱਢੀ ਗਈ ਹੈ। ਉਹ ਥਰੈਸ਼ਰ ਵਿਚ ਕਣਕ ਦੇ ਰਿਹਾ ਸੀ। ਸਾਡੇ ਕਵੀ ਮਿੱਤਰ ਨੂੰ ਜ਼ਿੰਦਗੀ ਭਰ ਛੋਟੇ ਪੁੱਤਰ ਦਾ ਟੁੰਡ ਵੇਖਣਾ ਪਵੇਗਾ ਤੇ ਬੱਚੇ ਗੁਰਦੀਪ ਨੂੰ ਜੀਵਨ ਭਰ ਇੱਕੋ ਹੱਥ ਨਾਲ ਕਾਰਜ ਕਰਨ ਦੇ ਨਾਲ-ਨਾਲ ਅਧੂਰੇ ਪਣ ਦਾ ਅਹਿਸਾਸ ਵੀ ਹੁੰਦਾ ਰਹੇਗਾ।

ਸ੍ਰੀ ਸਤਿਗੁਰੂ ਜੀ ਨੇ ਕਵੀਰਾਜ ਦੀ ਮਦਦ ਕਰਨ ਹਿੱਤ ਉਸਦੀ ਛੋਟੀ ਪੁੱਤਰੀ ਉਪ੍ਰੋਕਰ ਜੋੜੇ ਦੀ ਨੂੰਹ ਬਣਾਈ ਹੈ।

ਦੂਜੀ ਗੱਲ 11-5-87 ਦੀ ਸ. ਅਵਤਾਰ ਸਿੰਘ ਅੱਜ ਕੱਲ ਹਸਪਤਾਲੋਂ ਮੁਕਤ ਸੇਠ ਤ੍ਰਲੋਕ ਸਿੰਘ ਦੀ ਕੋਠੀ ਰਿਹਾਇਸ਼ ਰੱਖਦਾ ਹੈ। ਇਸ ਦਿਨ ਸਵੇਰ ਦੀ ਸਭਾ ਵਿਚ ਉਹ ਵੀ ਆਇਆ ਬੈਠਾ ਸੀ। ਉਸਦੀ ਦਾੜ੍ਹੀ ਵਿਚ ਸੌ ਸਵਾ ਸੌ ਲੰਬੀ ਦਾੜ੍ਹੀ ਦਾ ਵਾਲ ਸੀ, ਹੇਠਾਂ ਦੂਜਾ ਲਉ ਦਾੜ੍ਹੀ ਦਾ ਸ਼ੁਰੂ ਹੋ ਗਿਆ ਸੀ। ਸਤਿਗੁਰੂ ਜੀ ਦਾ ਮਨ ਕਰਦਾ ਸੀ ਕਿ ਅਵਤਾਰ ਸਿੰਘ ਦੀ ਇਸ ਅਵਸਥਾ ਵਿਚ ਵੀ ਫੋਟੋ ਲਈ ਜਾਇ। ਫੋਟੋ ਤਾਂ ਮੈਂ ਨਹੀਂ ਲੈ ਸਕਿਆ, ਪਰ ਉਸਦੀ ਸਿਹਤ ਪਹਿਲਾਂ ਤੋਂ ਚੰਗੀ ਵੇਖਕੇ ਬਹੁਤ ਖੁਸ਼ੀ ਹੋਈ। ਸ੍ਰੀ ਸਤਿਗੁਰੂ ਜੀ ਨੇ ਮੇਰੇ ਨਾਲ ਖੁਸ਼ੀ ਸਾਂਝੀ ਕੀਤੀ ਕਿ ਅਵਤਾਰ ਸਿੰਘ ਮੌਤ ਦੇ ਮੂੰਹੋਂ ਬੱਚ ਨਿਕਲਿਆ ਹੈ।

**16 ਮਈ 1987, ਸ਼ਨੀਵਾਰ**
**ਨਵੀਂ ਦਿੱਲੀ**

ਲਉਢੇ ਵੇਲੇ 4:30 ਵਜੇ ਦੇ ਕਰੀਬ ਹੰਸਪਾਲ ਜੀ ਦਾ ਡਰਾਇਵਰ ਛੰਨੀ ਮੇਰੇ ਘਰ ਆਇਆ। ਉਸ ਤੋਂ ਪਤਾ ਲੱਗਾ ਕਿ ਹੰਸਪਾਲ ਜੀ ਸਿੰਘ ਸਭਾ ਗੁਰਦੁਆਰੇ ਆਏ ਹਨ। ਉਹਨਾਂ ਦੇ ਵੱਡੇ ਲੜਕੇ ਦੀ ਪਤਨੀ ਦੀ ਮਾਸੀ ਜੋ ਰਾਜੋਰੀ ਵਿਚ ਹੀ ਰਹਿੰਦੀ ਸੀ, 26-27 ਸਾਲ ਦੀ ਉਮਰੇ ਹੀ ਸਿਰ ਦੇ ਕੈਂਸਰ ਨਾਲ ਪੂਰੀ ਹੋ ਗਈ ਸੀ, ਉਸਦਾ ਭੋਗ ਪੈ ਰਿਹਾ ਹੈ। ਰਿਸ਼ਤੇਦਾਰੀ ਦੇ ਪੱਖੋਂ ਤਾਂ ਕੀ ਸੰਬੰਧਾਂ ਵਲੋਂ ਮੇਰੀ ਸ੍ਰੀ ਮਤੀ ਭੋਗ ਸੁਣਨ ਤੇ ਹੰਸਪਾਲ ਜੀ ਦੀ ਪਤਨੀ ਅਤੇ ਮਾਤਾ ਨਾਲ ਦੁਖ ਸਾਂਝਾ ਕਰਨ ਚਲੀ ਗਈ।

ਮੈਂ ਛੰਨੀ ਨਾਲ ਹੀ ਘਰ ਬੈਠਾ ਰਿਹਾ। ਛੰਨੀ ਤੋਂ ਮਾਲੂਮ ਹੋਇਆ ਕਿ ਉਸਦੀ ਛੋਟੀ ਭੈਣ ਦੀ ਸ਼ਾਦੀ ਮਹਿਲੀ ਮਈ ਨੂੰ ਹੋਈ ਹੈ। ਮੈਨੂੰ ਇਹ ਸੁਣਕੇ ਪ੍ਰਸੰਨਤਾ ਹੋਈ ਕਿ ਸਤਿਗੁਰੂ ਜੀ ਨੇ ਚੁੱਪ ਕੀਤਿਆਂ ਹੀ, ਬਿਨਾਂ ਹੰਸਪਾਲ ਜੀ ਦੇ ਪਤਾ ਲੱਗਣ ਤੋਂ ਇਸਨੂੰ 15000 ਦੀ ਸਹਾਇਤਾ ਬਖਸ਼ੀ। ਪਿਛੋਂ ਆਣ ਕੇ ਵੀ ਉਹਦੀ ਕੋਈ ਲੋੜ ਪੁੱਛੀ। ਇਸ ਨੌਜਵਾਨ ਦਾ ਪਿਤਾ ਗੁਜ਼ਰ ਚੁੱਕਾ ਹੈ। ਤਿੰਨ ਭਾਈ ਹਨ, ਸਾਰਿਆਂ ਦੇ ਪਰਯਤਨ ਨਾਲ 35000 ਦੇ ਖਰਚ ਨਾਲ ਭੈਣ ਘਰੋਂ ਵਿਦਾ ਹੋਈ। ਛੰਨੀ ਨੇ ਗੁਰੂ ਘਰ ਜਾਣ ਲਾਲਚ ਨਹੀਂ ਕੀਤਾ, ਜਿੰਨੀ ਥੁੜ ਸੀ ਓਨੀ ਹੀ ਦੱਸ ਕੁ ਰੁਪਏ ਲੈ ਲਏ। ਸ੍ਰੀ ਸਤਿਗੁਰੂ ਜੀ ਨੇ ਉਸਨੂੰ ਕਹਿ ਰੱਖਿਆ ਸੀ ਕਿ ਜਿੰਨੀ ਲੋੜ ਹੋਵੇ ਮੇਰੇ ਖਜ਼ਾਨਚੀ ਤੋਂ ਲੈ ਲਈ।

5:30 ਵਜੇ ਤੱਕ ਭੋਗ ਪੈ ਗਿਆ ਤਾਂ ਛੰਨੀ ਤਾਂ ਤੁਰ ਗਿਆ ਪਰ ਨਿਕਾ ਤ੍ਰਲੋਚਨ ਸਿੰਘ ਦਾ ਸੁਹੁਰਾ ਸ. ਕੁਲਤਾਰ ਸਿੰਘ ਤੇ ਇਨ੍ਹਾਂ ਦਾ ਭੈਣੇਵਾਂ ਜਨਕਪੁਰੀ ਵਾਲਾ ਸਾਡੇ ਘਰ ਦਰਸ਼ਨ ਦੇ ਵਿਦਾ ਹੋਏ।

## 18 ਮਈ 1987, ਸੋਮਵਾਰ
## ਨਵੀਂ ਦਿੱਲੀ

ਸਵੇਰੇ ਸੁਰਿੰਦਰ ਮਨਚੰਦਾ, ਕੋਠੀ ਪੂਸਾ ਰੋਡ ਤੇ ਇੱਕ ਹੋਰ ਥਾਂਓ ਪਤਾ ਕੀਤਾ ਪਰ ਹਰ ਕਿਸੇ ਨੇ ਸਤਿਗੁਰਾਂ ਦੇ ਸ਼ਾਮੀ ਆਉਣ ਦੀ ਗੱਲ ਕੀਤੀ। 5:30 ਵਜੇ ਮੈਂ ਅਤੇ ਹਰਭਜਨ ਸਿੰਘ, ਗੁਰਦੇਵ ਸਿੰਘ ਹੁਰਾਂ ਦੇ ਘਰੋਂ ਚੱਲੇ। ਗੁਰਦੇਵ ਸਿੰਘ ਸਰੋਦ ਨੇ ਸ੍ਰੀ ਸਤਿਗੁਰੂ ਜੀ ਦੇ ਨਾਮ ਇਕ ਬਿਨੈ ਪੱਤਰ ਘਲਿਆ ਸੀ, ਗੁਰਮੀਤ ਕੌਰ ਨੇ ਪੁੱਛਿਆ ਕਿ ਉਹ ਕਿਥੇ ਤੇ ਕਿਵੇਂ ਸਤਿਗੁਰੂ ਜੀ ਦੀ ਭੇਂਟ ਕੀਤਾ ਜਾਵੇ।

ਏਥੋਂ ਮੈਂ ਹਰਭਜਨ ਦੇ ਸਕੂਟਰ ਪਿਛੇ ਉਹਨਾਂ ਦੇ ਘਰ ਜਾਣ ਲਈ ਸ਼ਿਵਾ ਜੀ (ਨਜਫ਼ਰਗੜ੍ਹ ਰੋਡ) ਰੋਡ ਛੱਡ ਕੇ ਜੇ ਬਾਲੀ ਨਗਰ ਦੀ ਮੇਨ ਰੋਡ ਵੱਲ ਹੋਏ ਤਾਂ ਅਗਲੇ ਚੌਂਕ ਵਿਚ ਦੋ ਚਿੱਟੀਆਂ ਗੱਡੀਆਂ ਆਉਂਦੀਆਂ ਨਜ਼ਰ ਪਈ ਦੂਜੀ ਚਿਟੀ ਕੁੰਦੀ ਵਾਲੀ ਕਾਰ ਸੀ। "ਸੱਚੇ ਪਾਤਸ਼ਾਹ ਆ ਗਏ।" ਅਤੇ ਅਸੀਂ ਸਕੂਟਰ ਪਿਛੇ ਲਾ ਲਿਆ। ਸ੍ਰੀ ਸਤਿਗੁਰੂ ਜੀ ਨੇ ਪਿੱਛੇ ਬੈਠਿਆਂ ਬੈਟਰੀ ਜਗ੍ਹਾ ਕੇ ਸਾਡੀ ਨਮਸਕਾਰ ਪਰਵਾਨ ਕੀਤੀ ਜਾਂ ਕਰੋ ਸਾਡੀ ਹੋਂਦ ਨੂੰ ਸਨੇਹ ਬਖਸ਼ਿਆ। ਗੱਡੀਆਂ ਰੁਕੀਆਂ ਤਾਂ ਠਾਕੁਰ ਜੀ ਉਦੈ ਸਿੰਘ ਜੀ ਦਾ ਮੁਖੜਾ ਸਾਡੇ ਸਾਹਵੇਂ ਸੀ, ਪੂਰਬਾ ਡਰਾਇਵਰ ਦੇ ਨਾਲ ਵਾਲੀ ਸੀਟ ਤੇ ਸੀ। ਉਸ ਕਿਹਾ: ਦੀਵਾਨ ਵਿਚ ਚਲੇ ਹਾਂ?

ਅਸੀਂ ਦੱਸਿਆ ਕਿ "ਦੀਵਾਨ ਤਾਂ ਕਿਤੇ ਨਹੀਂ ਲੱਗਾ, ਰਾਤ ਤੱਕ ਆਉਣ ਦਾ ਪਤਾ ਲੱਗਾ ਸੀ।" ਸੋ ਗੱਡੀਆਂ ਰਿੰਗਰੋਡ ਮੁੜ ਪਈਆਂ ਸਾਨੂੰ ਵੀ ਘਰ ਜਾਣ ਲਈ ਆਖਿਆ ਗਿਆ। ਅਸੀਂ ਦੋਵੇਂ ਰਘੁਬੀਰ ਨਗਰ ਹਰਭਜਨ ਸਿੰਘ ਕੇ ਘਰ ਆ ਗਏ। ਉਸਦੀ ਪਤਨੀ ਅੱਜ ਇਕ ਵਾਰ ਚੱਕਰ ਖਾ ਕੇ ਜਾ ਪਈ ਸੀ।

ਏਥੇ ਹਰਭਜਨ ਸਿੰਘ ਦੇ ਪਿਤਾ ਸੰਤ ਗੁਰਮੁਖ ਸਿੰਘ ਮਿਲੇ। ਉਹਨਾਂ ਦੱਸਿਆ: ਅੱਜ ਸਵੇਰੇ ਆਸਾ ਦੀ ਵਾਰ ਸੰਤ ਨਗਰ ਵਿਖੇ ਸ. ਭਗਤ ਸਿੰਘ ਤੇ ਬੀਬੀ ਪਿਆਰ ਕੌਰ ਕੇ ਘਰ ਸੀ। ਉਸਦੇ ਦੋਹਾਂ ਲੜਕਿਆਂ ਸ. ਅਜਮੇਰ ਸਿੰਘ ਅਤੇ ਬਲੀ ਸਿੰਘ ਨੇ 3-3 ਅਖੰਡ ਪਾਠਾਂ ਦੇ ਭੋਗ ਵੀ ਪੁਆਏ। ਸ੍ਰੀ ਸਤਿਗੁਰੂ ਜੀ ਨੇ ਅੰਮ੍ਰਿਤ ਵੇਲੇ ਤੋਂ ਹੀ ਦੀਵਾਨ ਵਿਖੇ ਦਰਸ਼ਨ ਦਿੱਤੇ। ਦੋਹਾਂ ਭਰਾਵਾਂ ਇੱਕ-ਇੱਕ ਅਖੰਡ ਪਾਠ ਸਤਿਗੁਰੂ ਜੀ ਦੇ ਇਨ੍ਹਾਂ ਦੇ ਘਰ ਚਰਨ ਪਾਉਣ ਦੀ ਖੁਸ਼ੀ ਵਿਚ ਕਰਵਾਏ। ਇੱਕ-ਇੱਕ ਸੁਖਣਾ ਨਮਿਤ ਅਤੇ ਇਕ ਪਿਤਾ ਜੀ ਦੀ ਯਾਦ ਨਮਿਤ ਕਰਵਾਇਆ। ਸਾਰਾ ਦਿਨ ਗੁਰੂ ਕਾ ਲੰਗਰ ਵਰਤਿਆ।

ਗੁਰਮੁਖ ਸਿੰਘ ਹੁਰਾਂ ਇਹ ਵੀ ਦੱਸਿਆ ਕਿ 14 ਮਈ ਨੂੰ ਸੱਚੇ ਪਾਤਸ਼ਾਹ ਜੀਵਨ ਨਗਰ ਇਲਾਕੇ ਵਿਚ ਪਧਾਰੇ। ਇਸ ਦਿਨ ਨਿਤਨੇਮ ਸੰਤ ਗੁਰਦਿਆਲ ਸਿੰਘ ਸੰਤ ਨਗਰ ਦੇ ਘਰ ਹੋਇਆ। ਸਾਧ ਸੰਗਤ ਦਾ ਤਕੜਾ ਇਕੱਠ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਏਥੇ ਹੋ ਗਿਆ।

15 ਮਈ ਦੀ ਆਸਾ ਦੀ ਵਾਰ ਦਾ ਦੀਵਾਨ ਤੇ ਲੰਗਰ ਵੀ ਸੰਤਾਂ ਦੇ ਘਰ ਸੀ। ਅਚਰਜ਼ ਸਾਧੂ ਹਨ ਸੰਤ ਗੁਰਦਿਆਲ ਸਿੰਘ ਜੀ ਕਿਰਤ ਕਰਨੀ ਭਜਨ ਬੰਦਗੀ ਵਿਚ ਲੀਣ ਰਹਿਣਾ, ਉੜੇ-ਖੁੜੇ ਦੀ ਮਦਦ ਕਰਨੀ, ਨਿੰਦਾ ਚੁਗਲੀ ਉਸਤਤ ਤੋਂ ਉਪਰ ਰਹਿ ਕੇ ਜ਼ਿੰਦਗੀ ਦਾ ਸਫ਼ਰ ਕਰਨਾ ਇਹਨਾਂ ਸੰਤਾਂ ਦੇ ਹਿੱਸੇ ਆਇਆ ਹੈ। ਅੱਜ ਦਾ ਮੇਲਾ ਇਹਨਾਂ ਵਲੋਂ ਸੀ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ

**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**



**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਇਕ ਮਹੀਨਾ ਸ੍ਰੀ ਭੈਣੀ ਸਾਹਿਬ ਦੋਹਾਂ ਮਾਤਾਵਾਂ ਪਾਸ ਰਹਿ ਕੇ ਨਿਮਾਣੀ ਦਾ ਮੇਲਾ ਕਰਕੇ ਬੀੜ ਨੂੰ ਚਲੇ ਗਏ। ਇਸ ਤੋਂ ਪਹਿਲਾਂ ਜੇਠ ਦਾ ਸਾਰਾ ਮਹੀਨਾ ਨਹਿਰ 'ਤੇ ਰਹੇ। ਨਾਲ ਇਹ ਸਿੰਘ ਆਪੋ ਆਪਣੇ ਜਥਿਆਂ ਸਮੇਤ ਸਨ: ਸੰਤ ਆਲਾ ਸਿੰਘ ਜੀ ਵਰਨ, ਸੰਤ ਮੋਹਣ ਸਿੰਘ ਜੀ 'ਵਡਾਲਾ ਜੌਹਲਾਂ', ਸੰਤ ਫਤਹਿ ਸਿੰਘ ਜੀ ਮਾਂਗਾ ਆਦਿ। ਮੀਂਹ ਪੈਣ ਤੋਂ ਬਾਦ ਸਾਰਾ ਮਾਲ ਡੰਗਰ ਲੈ ਕੇ ਬੀੜ ਵਿਚ ਪੁੱਜ ਗਏ। ਪਿਛਲੇ ਵਰ੍ਹਿਆਂ ਜਿਉਂ, ਐਤਕੀਂ ਅਖੰਡ ਪਾਠ ਨਹੀਂ ਹੋਏ ਸਗੋਂ ਬੀੜ ਵਿਚ ਸਾਰੇ ਜਥਿਆਂ ਸਮੇਤ ਚਾਲ੍ਹੀਆ ਕੱਟਿਆ। ਬੀੜ ਤੋਂ ਦੀਵਾਲੀ ਸਮੇਂ ਸ੍ਰੀ ਅੰਮ੍ਰਿਤਸਰ ਪੁੱਜੇ। ਓਥੋਂ ਨਨਕਾਣੇ ਸਾਹਿਬ ਦੇ ਮੇਲੇ 'ਤੇ। ਵਿਰਕ ਤੱਪੇ ਦਾ ਦੌਰਾ ਕਰਦੇ ਹੋਏ, ਲਾਹੌਰ ਦੇ ਇਲਾਕੇ ਨੂੰ ਨਿਵਾਜਦੇ ਹੋਏ, ਅੰਮ੍ਰਿਤਸਰ ਦਿਆਂ ਪਿੰਡਾਂ ਥਾਣੀਂ ਹੋ ਕੇ ਹਰੀਕੇ ਪੱਤਣ ਤੋਂ ਲੰਘ ਕੇ ਜ਼ਿਲ੍ਹਾ ਫੀਰੋਜ਼ਪੁਰ ਦੇ ਪਿੰਡਾਂ ਵਿਚ ਦੀ ਹੁੰਦੇ ਹੋਏ, ਮੁਕਤਸਰ ਮਾਘੀ ਦੇ ਮੇਲੇ ਨੂੰ ਜਾ ਭਾਗ ਲਾਏ। ਉਥੋਂ ਫਿਰ ਰਿਆਸਤ ਨਾਭਾ ਅਤੇ ਪਟਿਆਲਾ ਦਾ ਦੌਰਾ ਕੀਤਾ। ਪਿੱਥੋ ਵਿਖੇ ਸੂਬਾ ਸ਼ੇਰ ਸਿੰਘ ਜੀ ਨੂੰ ਦਰਸ਼ਨ ਦਿਤੇ। ਅਬਲੂ, ਬੱਲੂਆਣਾ, ਮਲੋਟ ਆਦਿ ਨਗਰਾਂ ਥਾਣੀਂ ਹੁੰਦੇ ਹੋਏ ਗੁਰੂ ਸਰ (ਗੱਦਾਂ ਡੋਬ) ਵਿਖੇ ਦਰਸ਼ਨ ਦਿਤੇ। ਰਿਆਸਤ ਬਹਾਵਲਪੁਰ ਦਾ ਦੌਰਾ ਵੀ ਇਸੇ ਗੇੜ ਵਿਚ ਕੀਤਾ ਤੇ ਫਿਰ ਜ਼ਿਲ੍ਹਾ ਪਾਕਪਟਨ ਤੇ ਸਾਹੀਵਾਲ ਦੀ ਸੁਧ ਲਈ। ਭਗਤ ਸਿੰਘ ਸੋਟੀ ਲੈ ਕੇ ਆਇਆ

ਸਾਹੀਵਾਲ ਤੋਂ ਅੱਠ ਮੀਲ ਤੇ ਜ਼ਿਲ੍ਹੇ ਸਿਆਲਕੋਟ ਦੇ ਸਿੱਖਾਂ ਦਾ ਇਕ ਚਕ ਸੀ। ਸਤਿਗੁਰੂ ਜੀ ਉਥੇ ਪੁੱਜੇ। ਸਿੰਘ ਤਾਂ ਘਰ ਨਹੀਂ ਸੀ ਸਿੰਘਣੀ ਨੇ ਸਾਰੀ ਸਾਧ ਸੰਗਤ ਨੂੰ ਡੱਕ ਕੇ ਪ੍ਰਸ਼ਾਦ ਪਾਣੀ ਦੀ ਸੇਵਾ ਜਿਵੇਂ ਬਣ ਆਈ ਕੀਤੀ। ਦੌਰਾ ਅਜੇ ਘੋੜਿਆਂ 'ਤੇ ਹੁੰਦਾ ਸੀ। ਸਾਹੀਵਾਲ ਤੋਂ ਦੋ ਮੀਲ ਤੇ ਆਏ ਤਾਂ ਪਤਾ ਲੱਗਾ ਕਿ ਸਤਿਗੁਰੂ ਜੀ ਦੀ ਬੈਂਤ ਦੀ ਸੋਟੀ ਉਥੇ ਰਹਿ ਗਈ ਹੈ। ਸ. ਭਗਤ ਸਿੰਘ 'ਚੀਕੂ' ਨੂੰ ਹੁਕਮ ਹੋਇਆ ਕਿ ਲਿਆ ਜਾ ਕੇ। ਉੱਥੋਂ ਇਹ ਦੋ ਮੀਲ ਪਿਛਾਂਹ ਗਿਆ ਪੈਦਲ ਅਤੇ ਅਜੇ ਅਸੀਂ ਮੰਜ਼ਿਲ ਤੋਂ ਦੋ ਮੀਲ ਉਰੇ ਹੀ ਸਾਂ ਜਦੋਂ ਸਾਨੂੰ ਆ ਮਿਲਿਆ। ਸਤਿਗੁਰੂ ਜੀ ਉਸ 'ਤੇ ਬਹੁਤ ਖ਼ੁਸ਼ ਹੋਏ।

**ਪਿੰਡ ਵਾਲਿਆਂ ਨਾਲ ਲੜਾਈ**

ਉਸ ਪਿੰਡ ਰਾਤ ਦੀਵਾਨ ਲੱਗਾ। ਪਿੰਡ ਵਾਲਿਆਂ ਨੇ ਇਕ ਡਾਚੀ ਸਿੰਘਾਂ ਪਾਸ ਲਿਆਂਦੀ ਕਿ ਊਠ ਛੱਡੋ। ਸਿੰਘਾਂ ਆਖਿਆ ਕਿ ਦਿਨ ਭਰ ਦੀ ਮਜ਼ਲ ਗਾਹੀ ਹੈ, ਕੱਲ੍ਹ ਫਿਰ ਚੋਖੀ ਵੱਡੀ ਮਜ਼ਲ ਹੈ। ਊਠ ਲਗਾਤਾਰ ਸਫ਼ਰ ਦੀ ਥਕਾਵਟ ਵਿਚ ਹਨ। ਅਸਾਂ ਊਠ ਨਹੀਂ ਛੱਡਣਾ। ਜਦੋਂ ਰਾਤ ਨੂੰ ਸੌਣ ਬਹਿਣ ਲੱਗੇ ਤਾਂ ਸਾਰਾ ਪਿੰਡ ਡਾਂਗਾਂ ਲੈ ਕੇ ਆ ਪਿਆ। ਮੈਂ ਪਹਿਰੇ 'ਤੇ ਜਾਗਦਾ ਸਾਂ, ਦੂਜੇ ਸਿੰਘ ਤਾਂ ਬਿਰਾਜੇ ਸਨ। ਮੈਂ ਉਸ ਸਮੇਂ ਘੋੜਿਆਂ ਦਾ ਦਰੋਗਾ ਸਾਂ। ਸਿਆਲੇ ਦਿਨ ਸਨ। ਮੈਨੂੰ ਘਰ ਵਾਲੀ ਮਾਈ ਨੇ ਦੱਸਿਆ ਕਿ ਇਹ ਲਲਕਾਰ ਅਤੇ ਗਾਹਲਾਂ ਤੁਹਾਨੂੰ ਕੱਢ ਰਹੇ ਹਨ। ਮੈਂ ਘੋੜਿਆਂ ਵਾਲਿਆਂ ਤੇ ਲਾਂਗਰੀਆਂ ਸਿੰਘਾਂ ਨੂੰ ਕਿਹਾ ਕਿ ਸਾਵਧਾਨ ਹੋਕੇ ਤੁਰੰਤ ਆਪੋ ਆਪਣੇ ਸ਼ਸ਼ਤਰ ਸੰਭਾਲ ਕੇ ਤਿਆਰ-ਬਰ-ਤਿਆਰ ਹੋ ਜਾਓ। ਹੱਲਾ ਹੋ ਗਿਆ ਹੈ। ਸਤਿਗੁਰੂ ਜੀ ਤੋਂ ਆਗਿਆ ਲੈ ਕੇ ਮੈਂ ਆਉਂਦਾ ਹਾਂ, ਮੇਰੇ ਆਉਂਦਿਆਂ ਹੀ ਤੁਰੰਤ ਆਪਾਂ ਜੁਆਬੀ ਹੱਲਾ ਬੋਲ ਦੇਣਾ ਹੈ। ਉਹਨਾਂ ਦੀ ਵਿਉਂਤ ਦਾ ਸਾਨੂੰ ਕੋਈ ਪਤਾ ਨਹੀਂ ਸੀ। ਕਿਉਂ ਜੁ ਹਨੇਰੀ ਰਾਤ ਸੀ। ਡਾਂਗਾਂ ਵਾਲਿਆਂ ਮਸਤ ਸ਼ਰਾਬੀ ਕੋਤਲ ਜੱਟਾਂ ਨੇ, ਸਾਰਾ ਬਾਜ਼ਾਰ ਮੱਲਿਆ ਸੀ ਅਤੇ ਦਬਾ ਸੁੱਟ ਗਾਹਲਾਂ ਬਕੀ ਜਾ ਰਹੇ ਸਨ। ਸਤਿਗੁਰੂ ਜੀ ਦਾ ਡੇਰਾ ਊਠਾਂ ਵਾਲਿਆਂ ਸਿੰਘਾਂ ਵਾਲੀ ਹਵੇਲੀ ਵਿਚ ਸੀ। ਛੋਟਾ ਜਿਹਾ ਦਰਵਾਜ਼ਾ ਸੀ ਹਵੇਲੀ ਦਾ, ਜਿਸ ਮੂਹਰੇ ਪੰਜ ਸਿੰਘ ਡਾਂਗਾਂ ਵਾਲੇ ਉਸ ਸਾਰੇ ਹਜੂਮ ਨੂੰ ਠੱਲੀ ਖੜ੍ਹੇ

ਸਨ। ਪੇਂਡੂਆਂ ਦੀ ਗਿਣਤੀ ਸੌ ਤੋਂ ਘੱਟ ਨਹੀਂ ਸੀ। ਹੁਣ ਗਲੀ ਵਿਚ ਤੇ ਮੁਲਖੱਈਆ ਸੀ। ਸੱਚੇ ਪਾਤਸ਼ਾਹ ਦੀ ਹਵੇਲੀ ਘਿਰੀ ਹੋਈ ਸੀ। ਮੇਰਾ ਬਾਹਰ ਜਾਣਾ ਖਤਰੇ ਤੋਂ ਖ਼ਾਲੀ ਨਹੀਂ ਸੀ। ਗੁਰੂ ਕ੍ਰਿਪਾ ਨਾਲ ਮੈਂ ਮਾਈ ਘਰ ਵਾਲੀ ਦੀ ਲਾਲ ਫੁਲਕਾਰੀ ਉੱਤੇ ਲੈ ਕੇ, ਲੰਮਾ ਸਾਰਾ ਘੁੰਡ ਕੱਢ ਕੇ, ਉਸ ਹਜ਼ੂਮ ਵਿਚੋਂ ਦੀ ਲੰਘ ਕੇ ਹਵੇਲੀ ਵਿਚ ਚਲਾ ਗਿਆ ਅਤੇ ਗੁਰੂ ਜੀ ਨੂੰ ਜਾ ਜਗਾਇਆ। ਸਾਰੀ ਵਾਰਤਾ ਦੱਸੀ ਕਿ ਇਉਂ ਪਿੰਡ ਵਾਲੇ ਸ਼ਰਾਬ ਪੀ ਕੇ ਖਰਮਸਤੀ ਕਰ ਰਹੇ ਹਨ। ਹੁਕਮ ਹੋਇਆ ਕਿ ਮੇਰੇ ਪਾਸ ਸਿਰਫ਼ ਭਾਈ ਵਜ਼ੀਰ ਸਿੰਘ ਹੋਰੀਂ ਰਹਿਣ ਅਤੇ ਬਾਕੀ ਸਰੀਰ ਸਾਰੇ ਬਾਹਰ ਨਿਕਲ ਕੇ ਉਹਨਾਂ ਮਸਤੀ ਬੋਤਿਆਂ ਨੂੰ ਸੋਧ ਦੇਣ। ਬੱਸ ਫਿਰ ਕੀ ਸੀ। ਇਕ ਪਾਸਿਉਂ ਊਠਾਂ ਵਾਲਿਆਂ ਅਠ ਦਸ ਸਿੰਘਾਂ ਨੇ ਜੈਕਾਰਾ ਛੱਡ ਕੇ ਹੱਲਾ ਬੋਲਿਆ ਅਤੇ ਦੂਜੇ ਪਾਸਿਉਂ ਮੈਂ ਹਜ਼ੂਰੀ ਜਥੇ ਸਮੇਤ ਅਤੇ ਘੋੜਿਆ ਵਾਲੇ ਸਿੰਘਾਂ ਭਾਈ ਲਾਭ ਸਿੰਘ ਫੱਤਾ ਹੋਰਾਂ ਸਮੇਤ ਅਕਾਲ ਪੁਰਖ ਦੀ ਓਟ ਲੈ ਕੇ ਬਾਹਰ ਧਾਵਾ ਬੋਲ ਦਿੱਤਾ। ਗੁਰੂ ਜੀ ਦੀ ਕ੍ਰਿਪਾ ਨਾਲ ਪੰਜ ਸੱਤ ਮਿੰਟਾਂ ਵਿਚ ਹੀ ਸਾਰੀ ਸ਼ਰਾਬ ਲਾਹ ਦਿਤੀ ਅਤੇ ਉਹ ਮੈਦਾਨ ਵਿਚੋਂ ਹਰਨ ਹੋ ਗਏ। ਡਾਂਗਾਂ ਦੀ ਕਾੜ ਕਾੜ ਦਾ ਰੌਲਾ ਸੁਣ ਕੇ ਪਿੰਡ ਦੇ ਪੰਜ ਸੱਤ ਭਲੇਮਾਣਸ ਸ੍ਰੀ ਸਤਿਗੁਰੂ ਜੀ ਪਾਸ ਆਏ ਅਤੇ ਅਰਜ਼ ਕੀਤੀ ਕਿ ਉਹਨਾਂ ਸ਼ਰਾਬੀਆਂ ਨਾਲ ਬਥੇਰੀ ਹੋ ਗਈ ਹੈ। ਉਹ ਹੁਣ ਕੁਝ ਦਿਨ ਸਰੀਰਾਂ ਨੂੰ ਸੇਕ ਕਰਦੇ ਰਹਿਣਗੇ। ਤੁਸੀਂ ਹੁਣ ਕ੍ਰਿਪਾ ਕਰਕੇ ਆਪਣੇ ਸਿੰਘਾਂ ਨੂੰ ਸ਼ਾਂਤ ਕਰੋ। ਸਤਿਗੁਰੂ ਜੀ ਨੇ ਕਿਹਾ, "ਭਾਈ ਅਸੀਂ ਤੇ ਤੁਹਾਡੇ ਨਗਰ ਖੇੜਿਆਂ ਵਿਚ ਹੀ ਵਿਚਰਨਾ ਹੈ। ਸਾਡਾ ਕਿਸੇ ਨਾਲ ਕੋਈ ਵੈਰ ਨਹੀਂ। ਨਾ ਕਿਸੇ ਨੂੰ ਡਰਾਉਂਦੇ ਹਾਂ, ਨਾ ਕਿਸੇ ਤੋਂ ਡਰਦੇ ਹਾਂ। ਨਜਾਇਜ਼ ਤੰਗ ਕਰਨ ਤੋਂ ਹੀ ਸਾਡੇ ਸਿੰਘ ਜੋਸ਼ ਵਿਚ ਆਏ ਹਨ। ਜਾਓ ਪ੍ਰਮੇਸ਼ਰ ਦਾ ਸਿਮਰਨ ਕਰਕੇ ਧਰਮ ਦੀ ਕਿਰਤ ਕਰੋ। ਸਿੰਘ ਵਾਪਸ ਆ ਜਾਂਦੇ ਹਨ।" ਹੁਕਮ ਹੋ ਗਿਆ ਤੇ ਮੈਂ ਸਿੰਘਾਂ ਸਮੇਤ ਆ ਚਰਨ ਬੰਦਨਾ ਕੀਤੀ। ਰਾਤ ਦਾ ਤੀਜਾ ਪਹਿਰ ਲੱਗ ਗਿਆ ਸੀ। ਸਾਡੇ ਸਿੰਘਾਂ ਨੂੰ ਕੋਈ ਸੱਟ ਫੇਟ ਨਹੀਂ ਸੀ। ਉਹਨਾਂ ਦੇ ਪਤਾ ਨਹੀਂ ਕਿੰਨੇ ਜ਼ਖ਼ਮੀ ਹੋਏ। ਅਸੀਂ ਅਗਲੇ ਦਿਨ ਚਾਲ੍ਹੀ ਕੋਹ ਦੀ ਮਜ਼ਲ ਮੁਕਾਉਣੀ ਸੀ। ਸੋ ਓਦੋਂ ਹੀ ਕਮਰਕੱਸੇ ਕਰ ਲਏ। ਬਿਰਧ ਸਿੰਘਾਂ ਨੂੰ ਅੱਗੇ ਲਾ ਦਿਤਾ। ਅਸੀਂ ਨੌਜੁਆਨ ਪਿੱਛੇ ਸਾਂ। ਪਿੰਡੋਂ ਨਿਕਲਣ ਵੇਲੇ ਚੁੱਪ ਨਹੀਂ ਨਿਕਲੇ ਸਗੋਂ ਜੈਕਾਰੇ ਛੱਡਦੇ ਨਿਕਲੇ। ਸੂਰਜ ਉਂਗਦੇ ਨੂੰ ਅਸੀਂ ਰਾਵੀ ਦੇ ਪੱਤਣ ਤੇ ਬੇੜੇ ਵਿਚ ਊਠ ਘੋੜੇ ਆਦਿ ਲੱਦ ਕੇ ਦਰਿਆ ਤੋਂ ਪਾਰ ਹੋ ਗਏ। ਵੀਹ ਕੋਹ ਪੈਂਡਾ ਦਰਿਆ ਤੱਕ ਮੁਕਾ ਲਿਆ ਸੀ ਅਤੇ ਏਨਾ ਪੰਧ ਹੋਰ ਕਰਕੇ ਜ਼ਿਲ੍ਹਾ ਲਾਇਲਪੁਰ ਦੀ ਤਸੀਲ ਸਮੁੰਦਰੀ ਦੇ ਪਿੰਡ ਨਾਰੋਵਾਲ ਵਿਚ ਅੱਪੜੇ। ਇਹ ਵਾਰਤਾ ਅਖ਼ੀਰ ਫੱਗਣ ਦੀ ਹੈ। ਉਸ ਲੜਾਈ ਵਾਲੇ ਦਿਨ ਉਥੋਂ ਚਾਰ ਵਜੇ ਸ਼ਾਮ ਸ. ਭਗਤ ਸਿੰਘ ਨੂੰ ਘੋੜੀ ਦੇ ਕੇ ਭੇਜਿਆ ਸੀ ਕਿ ਅੱਗੇ ਦੌਰੇ ਦੇ ਆਉਣ ਦੀ ਖ਼ਬਰ ਕਰੋ। ਸੂਰਜ ਡੁੱਬਦੇ ਨੂੰ ਉਹ ਰਾਵੀ ਟੱਪ ਗਿਆ ਸੀ। ਇਕ ਚੰਗਾ ਘੋੜ ਸੁਆਰ ਹੀ ਏਨਾ ਪੰਧ ਏਨੀ ਛੇਤੀ ਕਰ ਸਕਦਾ ਸੀ। ਰਾਵੀ ਦੇ ਪਾਰ ਉਸ ਸੋਚਿਆ ਮੁਸਲਮਾਨੀ ਇਲਾਕਾ ਆ ਗਿਆ ਹੈ। ਰਾਤ ਪੈ ਗਈ ਹੈ। ਸਿਆਲੀ ਰਾਤ ਆਸਰੇ ਬਿਨਾਂ ਕੱਟਣੀ ਔਖੀ ਹੈ। ਸੋ ਉਸ ਨੇ ਸਤਿਗੁਰੂ ਜੀ ਨੂੰ ਯਾਦ ਕੀਤਾ। ਉਹਨਾਂ ਇਕ ਜਾਂਗਲੀ ਦਾ ਮਨ ਪ੍ਰੇਰਿਆ। ਉਹ ਸਰਦਾਰ ਨੂੰ ਆਪਣੇ ਘਰ ਲੈ ਗਿਆ। ਰੋਟੀ ਪਾਣੀ ਇਹਨੇ ਉਹਦੇ ਘਰ ਦਾ ਛਕਣਾ ਨਹੀਂ ਸੀ। ਸੋ ਉਸ ਖ਼ੁਦਾ ਦੇ ਪ੍ਰੇਮੀ, ਸਤਿਗੁਰੂ ਜੀ ਦੇ ਗੁੱਝੇ ਆਸ਼ਕ ਨੇ, ਮੱਝ ਚੋ ਦਿਤੀ। ਅੱਲਾ ਦਾ ਉਹ ਐਡਾ ਪਿਆਰਾ ਸੀ ਕਿ ਆਪਣੇ ਰਿਹਾਇਸ਼ ਵਾਲੇ ਘਰ ਵਿਚ ਇਹਨੂੰ ਸਵਾਇਆ ਅਤੇ ਆਪ ਘੋੜੀ ਲੈ ਕੇ ਬਾਹਰ ਪੱਠੇ ਪਾਉਣ ਚਲਾ ਗਿਆ। ਤੜਕੇ ਰਜਾ ਕੇ ਘੋੜੀ ਆਂਹਦਾ, "ਸਰਦਾਰਾ, ਆਹ ਲੈ ਘੋੜੀ ਤੇ ਆਹ ਈ ਰਸਤਾ ਨਾਰੋਵਾਲ ਦਾ।" ਬਾਰਾਂ ਵਜੇ ਨੂੰ ਇਸ ਉੱਥੇ ਜਾ ਕੇ ਖ਼ਬਰ ਦਿਤੀ। ਜਦੋਂ ਸ਼ਾਮੀਂ ਪੰਜ ਕੁ ਵਜੇ ਅਸੀਂ ਨਾਰੋਵਾਲ ਅੱਪੜੇ ਸਾਂ ਤਾਂ ਉਦੋਂ ਨੂੰ ਲੰਗਰ ਪਾਣੀ ਦਾ ਪ੍ਰਬੰਧ ਸਿੰਘਾਂ ਕਰ ਲਿਆ ਸੀ।

ਨਾਰੋਵਾਲ ਤੋਂ ਭੜੋਲਿਆਂ ਵਾਲੀ, ਚੁਗਾਵਾਂ, ਕੱਕੜ, ਜਾਹਮਣ, ਪੱਧਰੀ, ਪੈੜਾ, ਸੀਹੋਵਾਲ, ਜਹਾਂਗੀਰ ਆਦਿ ਨਗਰਾਂ ਨੂੰ ਤਾਰਦੇ ਹੋਏ ਸਤਿਗੁਰੂ ਜੀ ਲਾਇਲਪੁਰ ਆ ਗਏ। ਸਤਿਗੁਰੂ ਜੀ ਇਕ ਪਿੰਡ ਤੋਂ ਗੱਡੀ ਚੜ੍ਹ ਕੇ ਕਿਤੇ ਗਏ ਸਨ, ਉਹਨਾਂ ਦਸ ਵਜੇ ਨੂੰ ਉਸ ਰੇਲਵੇ ਸਟੇਸ਼ਨ ਤੇ ਉਤਰਨਾ ਸੀ। ਸੋ ਸਾਡੇ ਸਾਰੇ ਦਲ ਦਾ ਉਥੇ ਹੀ ਇਕੱਠ ਹੋ ਗਿਆ। ਹੋਰ ਨਾਮਧਾਰੀ ਸੰਗਤ ਵੀ ਆਉਣੀ ਸ਼ੁਰੂ ਹੋ ਗਈ ਆਸ ਪਾਸ ਦੀ।

**ਮਹਾਰਾਜਾ ਨਿਹਾਲ ਸਿੰਘ ਨਾਲ ਨਰਾਜ਼ਗੀ ਸ਼ੁਰੂ ਹੋਈ**

ਲਾਇਲਪੁਰ ਕਾਂਗ੍ਰਸ ਸੇਵਾ ਸੰਮਤੀ ਅਤੇ ਨਾਮਧਾਰੀਆਂ ਨੇ ਰਲਕੇ ਸਰਕਾਰ ਬਰਤਾਨੀਆਂ ਦੇ ਖਿਲਾਫ਼ ਜਲੂਸ ਕੱਢਣਾ ਸੀ, ਸਰਕਾਰ ਨੂੰ ਦੱਸਣ ਲਈ ਕਿ ਸਾਰੇ ਲੋਕ ਹੁਣ ਉਹਦੇ ਖਿਲਾਫ਼ ਇਕਮੁੱਠ ਹੋ ਰਹੇ ਸਨ ਤੇ ਉਹ ਇੱਥੋਂ ਚਲੇ ਜਾਣ। ਆਜ਼ਾਦੀ ਦੀ ਲਹਿਰ ਜੋਰਾਂ 'ਤੇ ਚਲ ਰਹੀ ਸੀ। ਸ੍ਰੀ ਮਹਾਰਾਜ ਨਿਹਾਲ ਸਿੰਘ ਜੀ ਉਦੋਂ ਡੇਰਾ ਸ੍ਰੀ ਭੈਣੀ ਸਾਹਿਬ ਦੇ ਮੁੱਖ ਪ੍ਰਬੰਧਕ ਸਨ।

ਉਹਨਾਂ ਨੇ ਜੋ ਬਸਤਰ ਊਠਾਂ ਘੋੜਿਆਂ ਵਾਲਿਆਂ ਸਿੰਘਾਂ ਲਈ ਲਿਆਂਦੇ, ਉਹ ਨਾ ਤਾਂ ਚੰਗੇ ਸਾਫ਼ ਸਨ ਅਤੇ ਨਾ ਹੀ ਵਧੀਆ ਸੀਤੇ ਹੋਏ ਸਨ। ਸਾਨੂੰ ਜਦੋਂ ਉਹ ਬਸਤਰ ਪਹਿਨਣ ਦਾ ਹੁਕਮ ਹੋਇਆ ਤਾਂ ਅਸੀਂ ਜੋ ਸਦਾ ਸਾਫ਼ ਬਸਤਰ ਪਹਿਨਣ ਵਾਲੇ ਸਾਂ, ਸਾਨੂੰ ਇਹ ਗੱਲ ਜਚੀ ਨਾ। ਸਤਿਗੁਰੂ ਜੀ ਪਾਸ ਅਰਜ਼ ਕੀਤੀ। ਉਹਨਾਂ ਮਹਾਰਾਜ ਜੀ ਨੂੰ ਕਿਹਾ, "ਤੁਸੀਂ ਆਪਣੇ ਮੁਖਤਿਆਰਾਂ ਵਾਸਤੇ ਤਾਂ ਵਧੀਆ ਤੋਂ ਵਧੀਆ ਪੁਸ਼ਾਕੇ ਅਤੇ ਚੋਲੇ ਤਿਆਰ ਕਰਵਾਏ ਹਨ ਅਤੇ ਸਾਡੇ ਸਿੰਘਾਂ ਨੂੰ ਕਿਹੋ ਜਿਹੇ ਕੁੜਤੇ ਦਿੰਦੇ ਹੋ ?" ਮਹਾਰਾਜ ਜੀ ਨੇ ਅੱਗੋਂ ਆਖਿਆ ਕਿ ਇਹ ਕੁੜਤੇ ਕਿਹੜੇ ਇਹਨਾਂ ਨੂੰ ਦੰਦੀ ਵੱਢਦੇ ਨੇ। ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਮਹਾਰਾਜ ਜੀ ਤੁਸੀਂ ਭੁੱਲੇ ਫਿਰਦੇ ਹੋ। ਮੈਂ ਆਪਣੇ ਊਠਾਂ ਘੋੜਿਆਂ ਵਾਲਿਆਂ ਨੂੰ ਆਪਣੇ ਪੁੱਤਰਾਂ ਤੋਂ ਵੀ ਪਿਆਰਾ ਸਮਝਦਾ ਹਾਂ। ਇਹ ਮੇਰੀ ਜਿੰਦ ਜਾਨ ਹਨ। ਇਸ ਤਰ੍ਹਾਂ ਸਤਿਗੁਰੂ ਜੀ ਨੇ ਸਾਨੂੰ ਆਦਰ ਮਾਣ ਬਖ਼ਸ਼ਿਆ।

**ਘੋੜਿਆਂ ਵਾਲੇ ਅੱਗੇ**

ਫਿਰ ਮਹਾਰਾਜ ਜੀ, ਆਲਿਮ ਜੀ, ਸ੍ਰ. ਦਯਾ ਸਿੰਘ ਕੱਕੜ, ਸ. ਆਤਮਾ ਸਿੰਘ ਰਾਵਲਪਿੰਡੀ, ਅਣਖਾ ਸਿੰਘ, ਟਹਿਲ ਸਿੰਘ ਸੱਦੋਵਾਲੀਆ ਵਗੈਰਾ ਨੇ ਸਾਡਾ ਹੱਕ ਖੋਹਣ ਲਈ, ਇਹ ਵਿਉਂਤ ਘੜੀ ਕਿ ਜਲੂਸ ਵਿਚ ਸਤਿਗੁਰੂ ਜੀ ਦੇ ਘੋੜੇ ਮੂਹਰੇ ਸੇਵਾ ਸੰਮਤੀ ਵਾਲਿਆਂ ਨੂੰ ਲਾਇਆ ਜਾਵੇ। ਜਦੋਂ ਰਾਗੀ ਰਬਾਬੀ ਆਦਿ ਅੱਗੇ ਲੱਗੇ ਤੇ ਜਲੂਸ ਤੁਰਨ ਲੱਗਾ ਤਾਂ ਅਸਾਂ ਸਾਰੇ ਸਿੰਘਾਂ ਨੇ ਵਿਚਾਰਿਆ ਪੰਥਕ ' ਆਗੂ ਸਾਡਾ ਹੱਕ ਟੋਪੀਆਂ ਵਾਲਿਆਂ ਨੂੰ ਦੇ ਰਹੇ ਹਨ। ਮੈਂ ਸ. ਆਤਮਾ ਸਿੰਘ ਨੂੰ ਕਿਹਾ, "ਜਿਵੇਂ ਬੰਦੇ ਤੋਂ ਤਲਵਾਰ ਖੋਹ ਕੇ ਸਿਖਾਂ ਦਸਮ ਪਾਤਸ਼ਾਹ ਨੂੰ ਕਿਹਾ ਸੀ ਕਿ ਇਸ ਤੇ ਸਾਡਾ ਹੱਕ ਹੈ। ਇਸੇ ਤਰ੍ਹਾਂ ਅਸੀਂ ਵੀ ਆਪਣਾ ਬਣਦਾ ਹੱਕ ਲਏ ਬਿਨਾਂ ਨਹੀਂ ਰਹਿਣਾ।" ਜਦੋਂ ਸਤਿਗੁਰੂ ਜੀ ਨੂੰ ਪਤਾ ਲੱਗਾ ਤਾਂ ਉਹਨਾ ਫੁਰਮਾਇਆ ਕਿ ਇਹ ਠੀਕ ਕਹਿ ਰਹੇ ਹਨ। ਮੇਰੇ ਘੋੜੇ ਅੱਗੇ ਤੁਰਨ ਦਾ ਹੱਕ ਸਾਡੇ ਊਠਾਂ ਘੋੜਿਆਂ ਵਾਲਿਆਂ ਸਿੰਘਾਂ ਦਾ ਹੀ ਬਣਦਾ ਹੈ। ਇਕ ਸੌ ਘੁੜ ਸਵਾਰ ਸਿੰਘਾਂ ਨੇ ਸਤਿਗੁਰੂ ਜੀ ਦੀ ਅਗਵਾਨੀ ਕੀਤੀ।

ਇਹ ਜਲੂਸ ਸਵੇਰੇ ਦਸ ਵਜੇ ਤੋਂ ਰਾਤ ਅੱਠ ਵਜੇ ਤੱਕ ਰਿਹਾ। ਦੋ ਮੀਲ ਲੰਮਾ ਜਲੂਸ ਸੀ। ਰਾਹ ਵਿਚ ਖਲੋ ਕੇ ਦੀਵਾਨ ਲੱਗਦੇ ਸਨ। ਚਾਰ ਹੁੰਦਾ ਸੀ ਕਿ ਇਹ ਫਰੰਗੀ ਸਾਡੇ ਦੇਸ਼ ਨੂੰ ਘੁਣ ਵਾਂਗ ਚੰਬੜਿਆ ਹੈ। ਸੰਤ ਮੰਗਲ ਸਿੰਘ ਅਰਸ਼ੀ ਫਰਿਸ਼ਤੇ ਦੇ ਬੋਲਾਂ ਵਿਚ ਕਹਿਰ ਭਰਿਆ ਹੋਇਆ ਸੀ। ਉਹ ਫਰੰਗੀ ਨੂੰ ਬਿੱਲੇ ਤੋਂ ਘੱਟ ਬੋਲਦੇ ਨਹੀਂ ਸਨ। ਸੂਬਾ ਭਗਤ ਸਿੰਘ ਜੀ ਦਾਤੇਵਾਲੀਆ ਪੜ੍ਹ ਰਹੇ ਸਨ "ਭੱਜੇ ਜਾਣ ਫਰੰਗੀ ਵੱਜੇ ਘੁੰਗਰੂ।" ਆਲਮ ਜੀ, ਫਤੇਹ ਸਿੰਘ ਮਾਂਗਾ ਤੇ ਹੋਰ ਸਭ ਪ੍ਰਚਾਰਕ, ਨਾਮਧਾਰੀ ਜਥੇਦਾਰ, ਵਾਰੋ ਵਾਰੀ ਆਪਣਾ ਸਮਾਂ ਬੜੇ ਸੁਹਣੇ ਢੰਗ ਨਾਲ ਨਿਭਾਉਂਦੇ ਰਹੇ।

ਰਾਤ ਲੰਗਰ ਪਾਣੀ ਸ਼ਹਿਰ ਵਿਖੇ ਛਕਿਆ ਅਤੇ ਸਵੇਰੇ ਆਸਾ ਦੀ ਵਾਰ ਦੇ ਭੋਗ ਉਪਰੰਤ ਇੱਥੋਂ ਦਸ ਕੋਹ ਦੇ ਫਾਸਲੇ ਤੇ ਪਿੰਡ ਛੋਟੀਆਂ ਪੁੱਜ ਗਏ ਜਿੱਥੇ 1979 ਬਿਕ੍ਰਮੀ ਮੁਤਾਬਿਕ 1923 ਈ. ਦਾ ਹੋਲਾ ਮਹੱਲਾ ਹੋਇਆ ਸੀ।

**ਸੰਤ ਕਰਮ ਸਿੰਘ ਪਟਵਾਰੀ ਸਿਰਸਾ**

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੈਨੂੰ ਦੱਸਿਆ ਸੀ ਕਿ ਕਰਮ ਸਿੰਘ ਪਟਵਾਰੀ ਨੂੰ ਬਹੁਤ ਸਾਰੀਆਂ ਗੱਲਾਂ ਦਾ ਪਤਾ ਹੋ ਸਕਦਾ ਹੈ। ਉਹਨੇ ਅਵਤਾਰ ਸਿੰਘ ਝੱਬਰ ਨਾਲ ਮੋਢਾ ਜੋੜ ਕੇ ਜੀਵਨ ਨਗਰ ਵਾਲੀ ਜ਼ਮੀਨ ਤੇ ਪਾਕਿਸਤਾਨੋਂ

ਆਏ ਸਿੰਘਾਂ ਦੇ ਕਲੇਮਾਂ ਬਾਰੇ ਕੰਮ ਕੀਤਾ ਹੈ, ਉਸਨੂੰ ਜਾ ਕੇ ਮਿਲੋ। ਮੈਂ 25,979 ਨੂੰ 9.00 ਵਜੇ ਸਵੇਰੇ ਉਸ ਦੇ ਘਰ ਪਹੁੰਚਾ ਤਾਂ ਕਰਮ ਸਿੰਘ ਮੈਨੂੰ ਬੜੇ ਤਪਾਕ ਨਾਲ ਮਿਲਿਆ। ਆਦਰ ਭਾ ਉਪਰੰਤ ਉਸ ਦੱਸਿਆ ਕਿ ਅੱਜ ਉਸਦੇ ਅਫ਼ਸਰਾਂ ਦੀ, ਕਚਹਿਰੀ ਵਿਚ ਤਾਰੀਖ ਹੈ ਤੇ ਉਸ ਨੇ ਵੀ ਉਨ੍ਹਾਂ ਦੇ ਕੋਲ ਹੋਣਾ ਹੈ ਇਸ ਲਈ ਆਪਾਂ ਜੋ ਗੱਲਬਾਤ ਕਰਨੀ ਹੈ, ਉਹ ਬਾਅਦ ਦੁਪਹਿਰ ਹੀ ਕਰ ਸਕਾਂਗੇ।

ਪਰ ਉਹ ਸ਼ਾਮੀਂ ਮਸਾਂ 5.30-6.00 ਵਜੇ ਹੀ ਆ ਸਕਿਆ। ਮੈਂ ਉਸਨੂੰ ਕੁਝ ਸੁਆਲ ਕੀਤੇ, ਉਸਨੇ ਜੋ ਕੁਝ ਉਤਰ ਵਿਚ ਆਖਿਆ, ਉਹ ਰੀਕਾਰਡ ਕਰ ਲਿਆ ਤੇ ਰੀਕਾਰਡ ਵਿਚ ਇਹ ਕੁਝ ਆਖਿਆ ਗਿਆ:

ਸੁਆਗਤ: ਮੈਂ ਅੱਜ ਦਾ ਇਹ ਸਮਾਂ ਬੜਾ ਸੁਭਾਗਾ ਸਮਝਦਾ ਹਾਂ ਕਿ ਤੁਸੀਂ ਅੱਜ ਮੇਰੇ ਗ੍ਰਹਿ ਵਿਖੇ 25.09.1979 ਨੂੰ ਆਉਣ ਦੀ ਕਿਰਪਾ ਕੀਤੀ ਹੈ ਅਤੇ ਖ਼ਾਸ ਤੌਰ ਤੇ ਮੈਨੂੰ ਏਸ ਗੱਲ ਦੀ ਖ਼ੁਸ਼ੀ ਹੈ ਤੇ ਕੁਝ ਥੋੜ੍ਹਾ ਜਿਹਾ ਮਨ ਇਸ ਵੇਲੇ, ਛੇਤੀ ਛੇਤੀ ਦੀ ਸ. ਅਵਤਾਰ ਸਿੰਘ ਦੀ ਮੌਤ ਦੀ ਖ਼ਬਰ, ਜੁ ਸਾਡੇ ਕੋਲ ਹੈ, ਕਾਰਨ ਉਦਾਸ ਵੀ ਹੈ।

**ਚਲਦਾ...**

## Hepatologist 'The Liver Doc' warns young gym-goers after Varinder Singh Ghuman's death: 'Muscles don't always mean...'

**Akanksha Agnihotri**

Following Varinder Singh Ghuman's sudden death, hepatologist **Dr Cyriac Abby Philips** explains how intense bodybuilding and steroids can strain the heart.

Professional bodybuilder and actor Varinder Singh Ghuman's untimely death after a sudden heart attack on Thursday has left the fitness world reeling in disbelief. Known for his impressive physique and discipline, his passing has once again raised concerns about the hidden health risks behind extreme body building.

Dr. Cyriac Abby Philips warns that professional bodybuilders face significant heart risks due to extreme training and steroid use.

Hepatologist Dr Cyriac Abby Philips, widely known as The Liver Doc, addressed these concerns in a detailed Instagram post on October 11. He explained that the appearance of fitness and strength can often mask underlying cardiovascular strain.

**Why are bodybuilders at risk despite looking "fit"**

"I want to address (from a scientific standpoint) the major concern in the comments section about sudden cardiac deaths in 'healthy-looking, muscular, powerful bodybuilders'. This is not an isolated event. Please be informed that 'looking like a beast' does not equate to being 'healthy'," wrote Dr Philips.

He adds, "Professional athletes have higher chances of dying from heart disease than amateurs. The heart of an elite bodybuilder operates under a state of chronic, high demand that is fundamentally different from that of a healthy, non-athletic individual or even an endurance athlete."

Dr Philips explained that in body builders, cardiac death is often the terminal outcome of systemic failure. The combination of intense physical training, restrictive diets, and performance-enhancing drugs places an enormous burden on the heart.

**How extreme muscle mass affects heart**

"Researchers believe that the intense physical demands, restrictive diets, and widespread use of performance-enhancing drugs in professional bodybuilding contribute to heart strain. This can lead to irregular heart rhythms and structural changes, such as thickened walls and enlarged hearts," he said.

He added that the very muscle mass bodybuilders work so hard to build can become a physiological burden. "The strain of extreme muscle mass, the body itself becomes a burden on the heart. The heart gets thicker, but not healthier. Just like lifting weights makes your biceps bigger, this constant strain makes the heart muscle thicker, a condition called hypertrophy. But this isn't good for the heart," he explained.

"The walls of the heart's main pumping chamber get thick and stiff. A stiff heart can't relax properly to fill with blood between beats. It becomes an inefficient pump."

**Continue on Page No. 31**

# ਕਥਾ – ਵਿਚਾਰ
















# ਮਾਣ ਸਨਮਾਣ








# ਸਤਿਗੁਰ ਕੀ ਸੇਵਾ ਸਫਲ ਹੈ





















# ਅਨੰਦ ਕਾਰਜ













# MURDER OF BEEF BUTCHERS

# BY KUKAS



**Edited by: Dr. Gurdev Singh Sidhu**
9417049417

Umur Sing, XIV, corroborates the statement as to the intention to attack the butchers, but his evidence chiefly relates to Dull Sing, whose evidence however as to Ruttun Sing accompanying him on a camel it confirms, as well as the fact of Dull Sing's collecting swords. Mussumat Ram Kour's evidence also is strongly corroborative of her husband's statement. She names all four of the accused as having been to Dull Sing's house and having returned to Khazan Sing's *Tukeya* on the day before the murder. Mustan Sing says that he put up at Khuzan Sing's *Tukeya*. Khuzan Sing told him to go to Dull Sing's for food, which he did, after which he slept in the jungle.

Goormookh Sing admits that he passed through Raikote on the day of the murder, and says that he went on by Jullaldeewalla, starting at 12 o'clock on the night of the murder; he also, according to his own account, slept for an hour or two on a sand hillock on that night. Golab Sing failed also to account for his whereabouts; and Mungul Sing admits having passed Raikote about the time, and having been to Khuzan Sing's *Tukeya*, and also been out in the jungle and reached home just before his arrest.

Upon the whole case there seems to be sufficient corroboration of the statements of Dull Sing as to the persons whom he names, whilst there certainly is as to the facts which he states. I am of opinion that the sentences passed by the Sessions Judge on all the prisoners sentenced by him should be confirmed.

**Campbell, J**.-I concur in holding that the evidence is conclusive as to the guilt of the prisoners. The sentences of death passed on Mustan Sing, Goormookh Sing, Mangal Sing and Golab Sing are accordingly confirmed.

***

Letter dated 5th August 1871
From – L. Cowan, Esq., Offg.
Deputy Commissioner, Ludhiana.
To – Commissioner and Superintendent, Ambala Division.

The execution of the sentence of death on the three Kookas, Mustan Singh, Goormookh Singh and Mungul Singh, was carried out at Raikot this morning at sunrise. There was no excitement nor crowd. About two hundred spectators assembled. There were not more than ten or fifteen Kookas.

2. The neck of Kookaism is broken. Successions are of hourly occurrence. The "kuch" has been entirely discarded by women in several villages and the men are changing the form of their *pugrees.* Ram Singh is distrusted.Kookas believe that, fearing evil consequences to himself, he gave false evidence at the trial, whereby the accused were prejudiced. This is an incorrect belief but it is well to encourage it. The surveillance the police are eager to reestablish over Ram Singh is a great mistake. It will again give him importance in the eyes of his followers and reinstate him in his former position with them.

3. I am glad to say that the Registrar of the Chief Court has written to inform me that the Hon'ble the Judges of the Chief Court consider that "the Raikot case has been very satisfactorily dealt with."* (*Recognising the services rendered by Police personnel and others in tracking the Raikot murderers successfully, awards were granted to them. See details in appendix A )

----

*Endorsement by Commissioner and Superintendent, Ambala Division.*

No. 250, dated Kasauli, 8th August 1871.

Copy of above forward to L. H. Griffin, Esquire, officiatingSecretary to Government, Punjab, for information.

----

No. 1145-1/2-128S, dated Lahore, 14th August 1871

From-LEPEL H. GRIFFIN, Esq., Offg. Secretary to Government, Punjab.

To - The Secretary to Government of India, HomeDepartment.

In continuation of my letter No. 107-S., dated 1st August, I am desired to forward, for the information of His Excellency the Governor-General in Council, copy of the Deputy Commissioner's report of execution of three of the men concerned in the late outrage at Raikot.

***

*We have seen that Raikot murder episode had a short duration. Murders took place on 15 July 1871 and perpetrators were arrested within a few days. Committing Magistrate Mr. Cown sent the guilty to Sessions Court. Mr. MacNabb, Sessions Judge, heard the case from 25 to 29 July, Chief Court confirmed the decision on 1 August and the 'culprits' Mustan Sing, Goormookh Sing and Mungul Singh were hanged at Raikot on 5 August 1871.* Thus it was a game of only three weeks. (*In the Raikot Butcher Murder case later on two other persons, Giani Singh and Ratan Singh were arrested, tried and awarded death sentence. They were hanged outside Ludhiana jail on 26 November 1871)*

*One of the culprits of Raikot murder case Golab Singh, who had confessed his involvement in Amritsar butchers murders, was taken under custody by Colonels Macandrew and Mr. Baillie Deputy Inspector-General of Police. They taking him along with reached Amritsar on the 2nd of Augustand handed him over to Amritsar police. Mr. Turton Smith, District Superintendent of Police presented the statement of Gulab Singhto the Committing Magistrate. With this the scenario*

*of Amritsar butcher murder case changed altogether.*

*On the basis of information given by Gulab Singh, Beela Singh of village Narlee, district Lahore, was the first to be arrested in this case.*

****

UMRITSAR BUTCHER OUTRAGE.

*Progress report of enquiry, No. X., dated Umritsar, 7th August 1871.*

BEELA SINGH, Kookah, of Narlee, District Lahore, arrested on information of Goolab Singh, the reprieved prisoner in the Raikote case, immediately on his arrival admitted his own share in the murderous attack on butchers at Umritsar on 15th June, but professed his entire ignorance of any of the others who were engaged with him in the affair.

Beela Singh is a *Sadh* Kookah, of no fixed place of residence; he appears actuated by strong fanatical zeal, and to be indifferent to his own fate. He has to-day gone out with Mr. Turton Smith, District Superintendent, Police, to search for the weapon (a *gundassa*) with which he was armed on the occasion, and which he says he buried at the bottom of a pool, some ten or twelve miles out of the Umritsar and Lahore road, on his way back from the scene of the murder.

2. Of the ten men named by Goolab Singh as concerned in this case, five are still at large, and have evidently absconded, as no trace of them is to be had at their homes or usual places of resort.

3. Beela Singh has produced two *gundassas* with long handles, found buried under water in the spot described; they are most murderous weapons; the second one, he states, was used by Mehr Singh (absconded). Beela Singh has now named all the parties engaged with him in the crime; his statement entirely agrees with that of Goolab Singh.

***

*The news of the killing of the butchers by the kookas in Amritsar had reached Satguru Ram Singh. When he came to know about the torturing of the innocent people by the police, he ordered that the accused kukas should surrender to law, confess their crime and save the innocent from the wrath of the police. Resultantly Fateh Singh, Hakam Singh, Lehna Singh son of Mussada Singh, Lal Singh and Lehna Singh son Bulaka Singh surrendered themselves to the police. However police claims that these were arrested on 3 Augustwhich is totally baseless and unfounded. Had these were arrested the very next day after the arrival of Golab Singh from Raikot to Amritsar, why the release of innocent persons was delayed for about a week?*

*New culprits in custody, Police allowed Jai Ram to retract his confessional statement; police officers announced this in Court and all the accused were released on 9$^{th}$ of August.*

***

No. 1142-3/4-123S, dated Lahore, 12th August 1871

From-LEPEL H. GRIFFIN, Esq., Offg. Secretary to Government, Punjab.

To - The Secretary to Government of India,

Home Department.

In continuation of my letter No. 82-S., dated 14th July, I am desired to forward, for the information of His Excellency the Viceroy and Governor-General in Council, copy of a further report of the progress made in the enquiry into the outrage at Amritsar.

***

No. 2061, dated Fort William, 16th of December 1871.

From – E. C. Bayley, Esq., C. S. I., Secretary to Government of India, Home department.

To – The Offg. Secretary to Government, Punjab.

I am director to request that with the permission of His Honor the Lieutenant Governor, you will as soon as possible, forward, for the information of the Government of India, the copy of the confidential report which, it is understood has been submitted by the Commissioner of the Amritsar Division regarding the trial and conviction of two Kooka Subhas, named Gyani Singh and Ruttun Singh.

***

No1781, dated Lahore, 23rd December 1871.

From – LAPEL H. GRIFFEN, Esq., Offg. Secretary to Government, Punjab. To - The Secretary to Government of India, Home Department.

IN reply to your letter No. 2061, dated 16th December, I am directed to state that no report either confidential or otherwise has been received from the Commissioner of Amritsar on the subject of the trial and conviction of the two kuka Subahas, Gyani Singh and Rattan Singh.* (*This case occurred under the jurisdiction of Commissioner Ambala and not Amritsar, hence no report was to be submitted by Commissioner of Amritsar Division.)

***

No. 1814, dated Amritsar, 21st December 1371

From - Major W. G. DAVIES, Offg. Commissioner and Superintendent, Amritsar Division.

To - The Offg. Secretary to Government, Punjab.

I HAVE the honor, in continuation of this office No. 150, of the 21st June 1871, to furnish the report called for in your No. 1422, of the 9th October 1871. The report has been delayed by a variety of unavoidable causes, which, however, I need not enter into here.

2. Between 12 and 1 o'clock on the night of the 15th June last a murderous attack was made on the butchers in the slaughter-house, situated outside walls of the city of Amritsar, by a party of persons unknown. Four men, who were sleeping in front of their houses inside the enclosure, were killed outright, and three others were badly wounded.

3. A party of police, under Joomma Khan, Sergeant, were soon on the spot. The only traces of the assassins found were a blue turban and a steel disc, such as worn by the sect of fanatics known as Nihungs or Akalis; but this only had an effect of misdirecting

enquiry. The soil was unfavorable for tracking, and before good trackers could arrive a fall of rain had rendered a resort to this mode discovering the murderers quite hopeless.

4. The news of the outrage reached me at Dalhousie on the 17th, and, started at once, accompanied by Colonel Baillie, Deputy Inspector-General of Police, arrived at Amritsar on the following day. At the suggestion of the leading citizens, who had great confidence in his powers of detection, and with the sanction the head of the Police Department, Mr. Christie, Superintendent of the Police of the Jullundhur District (at that time on leave at Dalhousie), was sent for, and posted at Amritsar on the 24th of the month, and from that time the chief conduct of the investigation remained in his hands.

5. He appears first to have been inclined to distrust appearances tending cast suspicion on the inhabitants of the city itself, and to have suspected Kookas, the real perpetrators of the murders. But this first and, as subsequent events showed, correct impression was entirely effaced by the appearance on the scene, after, of an informer of the name of Heera, who professed to have been himself concerned in the commission of the crime.

**to be continued**

........................................................

## Varinder Singh Ghuman's death...

**How do steroids and testosterone affect heart health**

Dr Philips further pointed out the damaging impact of anabolic steroids and testosterone supplements. "Anabolic steroids directly attack the heart and blood vessels, causing heart muscle damage, scarring, and worsening lipid profiles that clog arteries," he wrote. "Steroids also cause the body to retain salt and water, increasing blood volume and driving up blood pressure."

High testosterone levels, he warned, can make the blood ‘thick and dangerous.’ ‘Testosterone use can boost haemoglobin and red blood cells. This overproduction makes the blood more viscous, like trying to pump syrup through a straw instead of water. During exertion, thick blood reduces flow to the heart and brain, which can result in sudden fatal events.’

He advised that those on testosterone supplements should regularly monitor haemoglobin levels and, if necessary, undergo blood removal to reduce viscosity.

**Liver Doc's message to young gym-goers**

Dr Philips ended his post with a powerful message for fitness enthusiasts and young gym-goers chasing unrealistic physiques. "A word of caution to young gym-goers and bodybuilders, you do not need to look jacked to be healthy. If you are going for high-intensity bodybuilding, check yourself out first."

*Note to readers: This report is based on user-generated content from social media. HT.com has not independently verified the claims and does not endorse them.*

*This article is for informational purposes only and not a substitute for professional medical advice. .*

**Courtsey Kirpal Singh Chana**

# ਖ਼ਬਰਨਾਮਾ

**ਜੱਪ ਪ੍ਰਯੋਗ ਦੌਰਾਨ ਕਥਾ ਵਿਚਾਰ**

**ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਕਥਾ ਵਿਚਾਰ**

**ਜੱਪ ਪ੍ਰਯੋਗ 2025–** 16 ਸਤੰਬਰ ਤੋਂ ਸ੍ਰੀ ਭੈਣੀ ਸਾਹਿਬ ਸ਼ੁਰੂ ਹੋਏ ਇਸ ਸਾਲ ਦੇ ਜੱਪ ਪ੍ਰਯੋਗ ਇਕ ਇਤਿਹਾਸਕ ਜੱਪ ਪ੍ਰਯੋਗ ਹੋ ਨਿਬੜਿਆ। ਇਸ ਵਾਰੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਦੁਪਹਿਰ ਦੀ ਕਥਾ, ਦੀਵਾਨ, ਲੈਕਚਰ ਸ੍ਰੀ ਗੁਰੂ ਤੇਗ ਬਾਹਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਨ। ਹਰ ਵਕਤੇ ਨੇ ਉਹਨਾਂ ਦੇ ਜੀਵਨ, ਬਾਣੀ ਸਿਧਾਂਤ ਉਪਰ ਆਪਣੇ ਵਿਚਾਰ ਵਿਅਕਤ ਕੀਤੇ। ਇਕ ਨਿਵੇਕਲੀ ਪਹਿਲ ਇਸ ਜਪ ਪ੍ਰਯੋਗ ਵਿਚ ਇਹ ਸੀ ਕਿ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਬਾਣੀ ਵਿਚਾਰ ਲਈ ਬੁਲਾਰੇ ਵੱਖ-ਵੱਖ ਸੰਪਰਦਾਵਾਂ ਅਤੇ ਸੰਸਥਾਵਾਂ ਤੋਂ ਸ੍ਰੀ ਭੈਣੀ ਸਾਹਿਬ ਆਏ। ਨਾਮਧਾਰੀ ਵਕਤਿਆਂ ਨੇ ਵੀ ਗੁਰੂ ਤੇਗ ਬਾਹਦਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਵਿਸ਼ੇ ਵੱਜੋਂ ਸੰਗਤ ਨੂੰ ਸੁਣਾਇਆ। ਕਥਾ ਵਿਚਾਰ ਦੌਰਾਨ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਦੀ ਕਥਾ ਹੋਈ। ਇਸ ਕਥਾ ਵਾਰਤਾ ਵਿਚ ਬਾਹਰੋਂ ਆਏ ਬੁਲਾਰਿਆਂ ਦਾ ਵੇਰਵਾ ਦਿੱਤਾ ਜਾ ਰਿਹਾ ਹੈ।

**ਗਿਆਨੀ ਸ਼ੇਰ ਸਿੰਘ ਬੁੱਢਾ ਦਲ (28 ਸਤੰਬਰ 2025)**

ਗਿਆਨੀ ਜੀ ਨੇ ਦੁਪਹਿਰ ਦੀ ਕਥਾ ਵਿਚ ਹਾਜ਼ਰੀ ਭਰੀ। ਕਥਾ ਦੌਰਾਨ ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਵੱਲ ਸ਼ਹੀਦੀ ਯਾਤਰਾ ਨੂੰ ਵਿਸਥਾਰ ਨਾਲ ਸੁਣਾਇਆ। ਗਿਆਨੀ ਜੀ ਕਿਹਾ "ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਤਾ ਗੁਰੂ ਬਾਰੇ ਲਿਖਦੇ ਹਨ ਕਿ ਉਹਨਾਂ ਵਰਗੀ ਕੁਰਬਾਨੀ ਕਿਸੇ ਨਹੀਂ ਦਿੱਤੀ। "ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਹਨੂੰ ਆਨਿ" ਉਹਨਾਂ ਨੇ ਭਾਰਤ ਦੇ ਨਿਰਬਲ, ਨਿਰਦੋਸ਼ ਲੋਕਾਂ ਦੀ ਬਾਂਹ ਫੜੀ ਅਤੇ ਔਰੰਗਜ਼ੇਬ ਦੀ ਸੱਤਾ ਨੂੰ ਲਲਕਾਰਿਆ। ਗੁਰੂ ਜੀ ਨੇ ਔਰੰਗੇ ਨੂੰ ਸਪਸ਼ਟ ਕੀਤਾ ਕਿ ਤੂੰ ਦੋ ਧਰਮਾਂ ਤੋਂ ਇਕ ਕਰਨਾ ਚਾਹੁੰਦਾ ਹੈਂ ਪਰ ਹੁਣ ਦੋ ਤੋਂ ਤਿੰਨ ਹੋ ਜਾਣਗੇ। ਹੁਣ ਤੀਸਰਾ ਪੰਥ ਚੱਲੇਗਾ 'ਖਾਲਸਾ ਪੰਥ'। ਇਸ ਸੰਸਾਰ ਵਿਚ ਉਸ ਅਕਾਲ ਪੁਰਖ ਦੇ ਬਾਗ ਅੰਦਰ ਭਾਂਤ-ਭਾਂਤ ਦੇ ਫੁੱਲ ਹਨ ਇਕ ਰੰਗ ਦੇ ਉਸ ਨੂੰ ਕਦੀ ਪ੍ਰਵਾਨ ਨਹੀਂ।" ਗਿਆਨੀ ਜੀ ਨੇ ਗੁਰੂ ਤੇਗ ਬਹਾਦਰ ਜੀ ਅਤੇ ਔਰੰਗਜੇਬ ਦੀ ਆਪਸੀ ਵਾਰਤਾ ਨੂੰ ਸੁਣਾਦਿਆਂ ਕਿਹਾ "ਔਰੰਗੇ ਨੇ ਸਾਹਿਬਾਂ ਨੂੰ ਕਿਹਾ ਤੁਹਾਨੂੰ ਤੇਗ ਬਹਾਦਰ ਕਿਉਂ ਆਖਦੇ ਹਨ ਤਾਂ ਗੁਰੂ ਜੀ ਉੱਤਰ ਦਿੱਤਾ "ਤੇਰੇ ਪਿਤਾ ਦੇ ਨਾਲ ਮੇਰੇ ਪਿਤਾ ਨੇ ਜਦੋਂ ਜੰਗ ਕੀਤਾ ਉਸ ਸਮੇਂ ਮੇਰੀ ਉਮਰ 13 ਸਾਲ ਦੀ ਸੀ, ਮੈਂ ਤੇਗ ਦੇ ਜੌਹਰ ਦਿਖਾਏ, ਇਕੱਲੀ ਤੇਗ ਚਲਾਉਣੀ ਨਹੀਂ ਅਸੀਂ ਤੇਗ ਸਹਾਰਣੀ ਵੀ ਜਾਣਦੇ ਹਾਂ। ਇਸ ਕਰਕੇ ਸਾਡਾ ਨਾਮ ਤੇਗ ਬਹਾਦਰ ਹੈ।" ਸਲੋਕਾਂ ਦੀ ਕਥਾ ਕਰਦਿਆਂ ਗੁਰੂ ਤੇਗ ਬਹਾਦਰ ਜੀ ਦਾ ਫਲਸਫ਼ਾ ਮਨ ਪ੍ਰਤੀ ਕੀ ਹੈ ਸਪਸ਼ਟ ਕੀਤਾ। ਗਿਆਨੀ ਜੀ ਨੇ ਨਾਮਧਾਰੀ ਦਰਬਾਰ ਦੇ ਇਸ ਉੱਦਮ ਨੂੰ ਸ੍ਰੇਸ਼ਟ ਕਾਰਜ ਕਿਹਾ ਜੋ ਸਭ ਧਰਮਾਂ, ਸੰਪਰਦਾਵਾਂ ਫਿਰਕਿਆਂ ਨੂੰ ਜੋੜਦਾ ਹੈ ਅਤੇ ਇਕ ਦਾ ਹੋਕਾ ਦਿੰਦਾ ਹੈ। ਇਸ ਧਰਤੀ ਤੋਂ ਹਮੇਸ਼ਾਂ ਏਕਤਾ ਦਾ ਸੰਦੇਸ਼ ਮਿਲਿਆ ਹੈ।

**ਸਵਾਮੀ ਸ਼ਾਂਤਾ ਨੰਦ ਜੀ (29 ਸਤੰਬਰ 2025)**

ਉਦਾਸੀ ਮਹਾਤਮਾ ਸ੍ਰੀ ਸਵਾਮੀ ਸ਼ਾਂਤਾ ਨੰਦ ਜੀ, ਜਲੰਧਰ ਤੋਂ ਵਿਸ਼ੇਸ਼ ਕਰਕੇ 'ਜਪ ਪ੍ਰਯੋਗ ਦੀ ਕਥਾ ਦੌਰਾਨ ਹਾਜ਼ਰੀ ਭਰਨ ਆਏ। ਆਪ ਨੇ ਗੁਰੂ ਤੇਗ ਬਾਹਦਰ ਜੀ ਦੇ ਜੀਵਨ ਬਿਰਤਾਂਤ ਅਤੇ ਸਿਧਾਂਤ ਨੂੰ ਆਪਣੇ ਪ੍ਰਵਚਨਾਂ ਦਾ ਹਿੱਸਾ ਬਣਾਇਆ। ਆਪ ਨੇ ਕਥਾ ਵਿਚਾਰ ਦੌਰਾਨ ਦੱਸਿਆ ਪ੍ਰਯਾਗਰਾਜ ਕੁੰਭ ਦੇ ਮੇਲੇ ਦੌਰਾਨ ਇਸ ਦਰਬਾਰ ਵੱਲੋਂ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਕੀਤਾ ਗਿਆ ਸੀ, ਅਸੀਂ ਵੀ ਉਸ ਸਮਾਗਮ ਵਿਚ ਸ਼ਿਰਕਤ ਕੀਤੀ ਸੀ। ਆਪ ਨੇ ਗੁਰੂ ਤੇਗ ਬਹਾਦਰ ਜੀ ਦੇ ਸਲੋਕ "ਜਿਹ ਸਿਮਰਤ ਗਤਿ ਪਾਈਐ ਤਿਹ ਭਜੁ ਰੇ ਤੈ ਮੀਤ॥ ਕਹੁ ਨਾਨਕ ਸੁਨਿ ਰੇ ਮਨਾ ਅਉਧ ਘਟਤ ਹੈ ਨੀਤ॥ ਦੀ ਵਿਆਖਿਆ ਬਹੁਤ ਵਿਸਥਾਰ ਅਤੇ ਸੰਜੀਦਾ ਬਚਨਾ ਨਾਲ ਕੀਤੀ। ਵੱਖ-ਵੱਖ ਧਰਮ ਗ੍ਰੰਥਾਂ ਦੀਆਂ ਟੂਕਾਂ ਦੇ ਕੇ ਇਸ ਸਲੋਕ ਦੇ ਭਾਵ ਅਰਥ ਨੂੰ ਹੋਰ ਸਪਸ਼ਟ ਕੀਤਾ। ਸਵਾਮੀ ਜੀ ਨੇ ਆਖਿਆ ਜੀਵਨ ਸਫ਼ਲ ਕਰਨ ਲਈ ਮਨੁੱਖਾ ਦੇਹੀ ਇਕ ਮੌਕਾ ਹੈ ਜੋ ਇਸ ਮੌਕੇ ਨੂੰ ਨਹੀਂ ਸੰਭਾਲੇਗਾ ਉਸ ਦੀ ਝੋਲੀ ਬਸ ਪਛਤਾਵਾ ਹੀ ਪਵੇਗਾ। ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਸਾਰ ਤੱਤ ਇਹ ਹੀ ਹੈ ਕਿ ਸਮਾਂ ਰਹਿੰਦਿਆਂ ਅਸੀਂ ਅਮੁੱਲ ਜੀਵਨ ਪ੍ਰਤੀ ਸੁਚੇਤ ਹੋ ਜਾਈਏ।" ਸ਼ਹੀਦੀ ਵਾਰਤਾ ਨੂੰ ਵੀ ਬਿਆਨ ਦਿਆਂ ਆਪ ਨੇ ਚਾਂਦਨੀ ਚੌਂਕ

ਅੰਦਰ ਬੀਤੀ ਸਾਰੀ ਘਟਨਾ ਨੂੰ ਬੜੇ ਵਿਰਾਗਮਈ ਸ਼ਬਦਾਂ ਨਾਲ ਬਿਆਨ ਕੀਤਾ। ਕਥਾ ਦੇ ਅੰਤ ਵਿਚ ਸਵਾਮੀ ਜੀ ਨੇ ਨਾਮਧਾਰੀ ਪੰਥ ਵਲੋਂ ਕੀਤੇ ਜਾ ਰਹੇ ਵੱਖ-ਵੱਖ ਖੇਤਰਾਂ ਕਾਰਜਾਂ ਦੀ ਸਲਾਹੁਤਾ ਕਰਦੇ ਹੋਏ ਕਿਹਾ ਇਸ ਸੰਪਰਦਾ ਨੇ ਗੁਰਬਾਣੀ ਕੀਰਤਨ, ਖੇਡਾਂ ਅਤੇ ਭਜਨ ਬੰਦਗੀ ਵਿਚ ਉੱਚ ਮੁਕਾਮ ਹਾਸਲ ਕੀਤਾ ਹੈ।

**ਸੰਤ ਜਸਵਿੰਦਰ ਸਿੰਘ ਕੁਠਾਰੀ (3 ਅਕਤੂਬਰ)**

ਸੰਤ ਜਸਵਿੰਦਰ ਸਿੰਘ ਕੁਠਾਰੀ ਨਿਰਮਲ ਪੰਚਾਇਤੀ ਅਖਾੜੇ ਦੇ ਮੁੱਖ ਬੁਲਾਰੇ ਅਤੇ ਪ੍ਰਚਾਰਕ ਹਨ। ਸ੍ਰੀ ਭੈਣੀ ਸਾਹਿਬ ਕਥਾ ਦੀ ਹਾਜਰੀ ਭਰਦਿਆਂ ਉਹਨਾਂ ਨੇ ਗੁਰੂ ਤੇਗ ਬਹਾਦਰ ਜੀ ਦੇ ਸਲੋਕਾਂ ਦੀ ਕਥਾ ਮਹਾਤਮ ਬਾਰੇ ਦੱਸਦਿਆਂ ਕਿਹਾ ਜੋ ਇਨ੍ਹਾਂ ਸਲੋਕਾਂ ਨੂੰ ਸੁਣ ਲੈਂਦਾ ਹੈ। ਉਹ ਮੁਕਤੀ ਪ੍ਰਾਪਤ ਕਰਦਾ ਹੈ ਪਰ ਇਸ ਅਸਥਾਨ ਤੇ ਤਾਂ ਅਸੀਂ ਉਹਨਾਂ ਦੇ ਅਰਥ ਸਰਵਣ ਕਰ ਰਹੇ ਹਾਂ ਜਿਸ ਦਾ ਵੱਡਾ ਮਹਾਤਮ ਹੈ। ਕਥਾ ਦੌਰਾਨ ਕੁਠਾਰੀ ਜੀ ਨੇ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ" ਦੀ ਵਿਆਖਿਆ ਕਰਦਿਆਂ ਬਚਨ ਕੀਤਾ ਜਿਨ੍ਹਾਂ ਸਮਾਂ ਸਾਡੀ ਦ੍ਰਿਸ਼ਟੀ ਅੰਦਰ ਦੂਸਰਾ ਭਾਵ (ਦ੍ਵੈਤ) ਹੈ ਉਹਨਾਂ ਸਮਾਂ ਭੈ ਖਤਮ ਨਹੀਂ ਹੋ ਸਕਦਾ। ਨਿਰਭਉ ਹੋਣ ਲਈ ਆਪਣੇ ਅੰਦਰ ਨਾਲ ਇੱਕ-ਮਿੱਕ ਹੋਣਾ ਪਵੇਗਾ। ਇੱਕ-ਮਿੱਕ ਹੋਇਆ ਮਨੁੱਖ ਹੀ ਕਿਸੇ ਨੂੰ ਭੈਅ ਨਹੀਂ ਦਿੰਦਾ ਅਤੇ ਨਾ ਹੀ ਕਿਸੇ ਤੋਂ ਭੈਅ ਭੀਤ ਹੁੰਦਾ ਹੈ। ਕੁਠਾਰੀ ਜੀ ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਵਿਚੋਂ ਸਾਖੀ ਵਖਿਆਨ ਦਾ ਹਵਾਲਾ ਦਿੰਦੇ ਹੋਏ ਕਿਹਾ "ਅਨੰਦਪੁਰ ਵਿਚ ਸੰਗਤ ਨੇ ਗੁਰੂ ਜੀ ਨੂੰ ਕਿਹਾ ਸੀ ਜਾਨਣ ਯੋਗ ਕੀ ਹੈ? ਉਹ ਰਹਿੰਦਾ ਕਿੱਥੇ ਹੈ? ਅਤੇ ਉਸ ਦੀ ਪ੍ਰਾਪਤੀ ਦਾ ਸਾਧਨ ਕੀ ਹੈ? ਸਤਿਗੁਰੂ ਜੀ ਇਨ੍ਹਾਂ ਤਿੰਨਾ ਗੱਲਾਂ ਦਾ ਜਵਾਬ ਇਕ ਪੰਗਤੀ ਵਿਚ ਦਿੱਤਾ ਹੈ "ਪ੍ਰੀਤਮ ਜਾਨਿ ਲੇਹੁ ਮਨ ਮਾਹੀ" "ਪ੍ਰੀਤਮ ਸ਼ਬਦ ਦਾ ਅਰਥ ਪ੍ਰੀਅ+ਤਮ ਅਤਿਅੰਤ ਪ੍ਰਿਆਰਾ ਜਾਨਣ ਯੋਗ ਵਸਤੂ ਹੈ ਜੋ ਮੈਂ ਆਪ ਹਾਂ" ਇਸ ਤਰ੍ਹਾਂ ਉਹਨਾਂ ਨੇ ਬਹੁਤ ਸੂਖਮ ਅਰਥ ਵਿਚਾਰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਬਾਰੇ ਵਿਅਕਤ ਕੀਤੇ। ਸ਼ੁੱਧ ਮਨ ਅਤੇ ਮਲੀਨ ਮਨ ਦੋ ਧਿਰਾਂ ਦੇ ਆਪਸੀ ਸੰਘਰਸ਼ ਵਿਚ ਅਸੀਂ ਸ਼ੁੱਧ ਮਨ ਨੂੰ ਸਮਝਣਾ ਹੈ। ਅਹੰਕਾਰ ਦਾ ਤਿਆਗ, ਨਾਮ ਦੀ ਪ੍ਰਾਪਤੀ ਹੀ ਜਗਿਆਸੂ ਦਾ ਅੰਤਮ ਪੜਾਅ ਹੈ। ਜੋ ਗਿਆਨ ਨਾਲ ਹੀ ਹਾਸਲ ਹੋਣੀ ਹੈ। ਕੁਠਾਰੀ ਜੀ ਨੇ ਕਿਹਾ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਸਭ ਤੋਂ ਪਹਿਲਾ ਪਦ ਗਉੜੀ ਰਾਗ ਵਿਚ ਹੈ ਜੋ ਆਖਦਾ ਹੈ "ਸਾਧੋ ਮਨ ਕਾ ਮਾਨੁ ਤਿਆਗਉ" ਅਤੇ ਅੰਤਮ ਸ਼ਬਦ ਹੈ "ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ" ਤਿਆਗ ਤੋਂ ਸ਼ੁਰੂ ਹੋਈ ਇਹ ਯਾਤਰਾ ਤੇਰੀ ਨਾਮ ਗ੍ਰਹਿਣ ਤੱਕ ਚਲੇਗੀ। ਤੇਰਾ ਮਾਨ ਉਲਟ ਕੇ ਨਾਮ ਬਣ ਜਾਵੇਗਾ। ਕੁਠਾਰੀ ਜੀ ਕਿਹਾ ਮੈਂ ਪਹਿਲੀ ਵਾਰ ਸ੍ਰੀ ਭੈਣੀ ਸਾਹਿਬ ਦੀ ਇਸ ਪਵਿੱਤਰ ਧਰਤੀ 'ਤੇ ਆਇਆ ਹਾਂ ਇਸ ਧਰਤੀ 'ਤੇ ਤੁਹਾਡੇ ਵਰਗੇ ਮਹਾਂਪੁਰਖ ਲਗਾਤਾਰ ਨਾਮ, ਬਾਣੀ ਅਭਿਆਸ ਵਿਚ ਜੁੜੇ ਹੋਏ ਹਨ। ਮੈਂ ਮਹਾਰਾਜ ਉਦੇ ਸਿੰਘ ਜੀ ਦੇ ਉਤਮ ਉਪਰਾਲੇ ਦੀ ਸ਼ਲਾਘਾ ਕਰਦਾ ਹਾਂ।

**ਯੁਗ ਪੁਰਸ਼ ਸ੍ਰੀ ਸਵਾਮੀ ਪਰਮਾਨੰਦ ਗਿਰੀ ਜੀ (10 ਅਕਤੂਬਰ)**

ਯੁਗ ਪੁਰਸ਼ ਸ੍ਰੀ ਸਵਾਮੀ ਪਰਮਾਨੰਦ ਗਿਰੀ ਜੀ ਨੇ ਆਪਣੇ ਵਿਅਸਤ ਸਮੇਂ 'ਚੋਂ ਸ੍ਰੀ ਭੈਣੀ ਸਾਹਿਬ ਆਉਣ ਲਈ ਸਮਾਂ ਕੱਢਿਆ। ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਤਾਬਦੀ ਸਬੰਧੀ ਇਸ ਜਪ ਪ੍ਰਯੋਗ 'ਚ ਕਥਾ ਵਿਚ ਸੰਗਤਾਂ ਨੂੰ ਆਪਣੇ ਵਿਚਾਰਾਂ ਨਾਲ ਨਿਹਾਲ ਕੀਤਾ।

"ਗੁਰਬਾਣੀ ਗੁਰੂ ਕੀ ਬਾਣੀ ਹੈ, ਪਹੁੰਚੇ ਹੋਏ ਮਹਾਪੁਰਖਾਂ ਦੀ ਬਾਣੀ ਹੈ। ਇਸ ਬਾਣੀ ਦਾ ਵਿਚਾਰ ਤਾਂ ਭਾਂਵੇ ਕੋਈ ਆਪਣੇ-ਆਪ ਕਰ ਲਵੇ ਪਰ ਸਮਝਣ ਲਈ ਗੁਰੂ ਹੀ ਚਾਹੀਦਾ ਹੈ। ਕਦੀ-ਕਦੀ ਮੈਂ ਕਹਿੰਦਾ ਹਾਂ ਗੁਰਬਾਣੀ ਨਾਰੀਅਲ ਹੈ, ਜਿਨ੍ਹਾਂ ਸਮਾਂ ਉਸ ਦੇ ਸ਼ਬਦ ਦਾ ਉਪਰਲਾ ਹਿੱਸਾ ਨਹੀਂ ਤੋੜਾਂਗੇ ਸਾਰ ਸਮਝ ਨਹੀਂ ਆਵੇਗਾ। ਸ਼ਬਦ ਦਾ ਭਾਵ ਸਮਝਣ ਲਈ ਬਹੁਤ ਯਤਨ ਕਰਨਾ ਪੈਂਦਾ ਹੈ। ਬਹੁਤ ਘੱਟ ਜਗ੍ਹਾ ਹਨ ਜਿੱਥੇ ਸਾਧਕਾਂ ਨੂੰ ਇਵੇਂ ਪ੍ਰੇਰਨਾ ਮਿਲਦੀ ਹੈ। ਮੈਂ ਆਪ ਨੂੰ ਹਿਰਦੇ ਤੋਂ ਸੱਚ ਆਖਦਾ ਹਾਂ, ਸੱਚ ਵਿਚ ਮੈਨੂੰ ਬਹੁਤ ਵਧੀਆ ਲੱਗਿਆ। ਨੌਂਵੇਂ ਗੁਰੂ ਜੀ ਕਹਿੰਦੇ ਹਨ, ਉਸ ਕੋ ਖੋਜਣੇ ਬਾਹਰ ਕਿਥੇ ਜਾਣਾ? "ਕਾਹੇ ਰੇ ਬਨ ਖੋਜਨ ਜਾਈ ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ" ਉਹ ਸਾਰਿਆ ਵਿਚ ਨਿਵਾਸ ਕਰਦਾ ਹੈ ਪਰ ਫਿਰ ਵੀ ਗੁਰੂ ਜੀ ਦੁਹਰਾਇਆ ਕਿ ਤੋਹੀ ਸੰਗ ਸਮਾਈ ਉਹ ਤੇਰੇ ਸੰਗ ਵੀ ਹੈ। ਪਰ ਉਹ ਮਨ ਕਾਰਣ ਸਾਨੂੰ ਮਾਲੂਮ ਨਹੀਂ ਹੁੰਦਾ, ਅਸੀਂ ਮਨ ਨਾਲ ਪਾਉਣਾ ਚਾਹੁੰਦੇ ਹਾਂ। ਇਸ ਤਰ੍ਹਾਂ ਹੀ "ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥ ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥ ਇਹ ਗੱਲ ਤਾਂ ਸਪਸ਼ਟ ਹੈ ਉਹ "ਸਰਬ ਨਿਵਾਸੀ ਹੈ" ਹੋਰ ਸਾਰਿਆਂ ਵਿਚ ਵੀ ਤੈਨੂੰ ਮਿਲ ਜਾਵੇਗਾ। ਕਈ ਵਾਰ ਦੂਸਰੀ ਭੁੱਲ ਹੁੰਦੀ ਹੈ

ਆਪਣੇ ਵਿਚ ਅਸੀਂ ਮੰਨ ਲੈਂਦੇ ਹਾਂ ਦੂਸਰੇ ਵਿਚ ਨਹੀਂ ਮੰਨਦੇ। ਕਦੀ-ਕਦੀ ਦਵਾਈ ਹੀ ਬਿਮਾਰੀ ਬਣ ਜਾਂਦੀ ਹੈ। ਸਾਡੇ ਗੁਰੂਆਂ ਨੇ ਇਸ ਲੀਲਾ ਨੂੰ ਦੋਵੇਂ ਤਰ੍ਹਾਂ ਹੀ ਕਿਹਾ ਹੈ ਇਕ ਪਾਸੇ ਕਹਿੰਦੇ ਹਨ ਇਹ ਜੋ ਕੁਝ ਹੈ ਮਾਇਆ ਹੈ ਆਦਮੀ ਨੂੰ ਫਸਾਉਂਦੀ ਹੈ। ਇਸ ਕਰਕੇ ਕਈ ਲੋਕ ਹਿੰਦੂ ਸਮਾਜ ਵਿਚ ਘਰ ਛੱਡ ਦਿੰਦੇ ਹਨ ਪਰ ਗੁਰੂ ਸਾਹਿਬਾਨ ਕਹਿੰਦੇ ਹਨ ਘਰ ਛੋਡ ਦਿਉਗੇ ਸਰੀਰ ਕਿਵੇਂ ਛੱਡੋਗੇ? ਉਹ ਵੀ ਤੇ ਮਾਇਆ ਹੈ? ਉਹ ਤਾਂ ਬਿਨਾਂ ਵਿਚਾਰ ਤੋਂ ਦੇਹ ਨਹੀਂ ਛੁੱਟੇਗੀ। ਇਸ ਲਈ ਭੱਜਣਾ, ਜੰਗਲ ਜਾਣਾ, ਸੰਸਾਰ ਛੱਡਣਾ ਸਾਧਣ ਨਹੀਂ ਹੈ। ਜਿਸ ਸੰਸਾਰ ਨੂੰ ਛੱਡ ਕੇ ਮਨੁੱਖ ਜਾਂਦਾ ਹੈ ਉਸ ਦਾ ਇਕ ਹਿੱਸਾ ਨਾਲ ਹੀ ਹੈ ਉਹ ਹੈ ਸਰੀਰ। ਵੇਦਾਂਤ ਕੀ ਹੈ? ਇਸ ਦੇਹੀ ਨੂੰ ਵੀ ਛੱਡਣਾ ਹੈ।

ਇਸ ਦੀ ਪ੍ਰਕ੍ਰਿਆ ਜੰਗਲ ਜਾਣਾ ਨਹੀਂ। ਗੁਰੂਆਂ ਕੋਲ ਜਾਣਾ ਹੈ। ਗੁਰੂ ਤੁਹਾਨੂੰ ਸਰੀਰ ਤੋਂ ਛੁਡਾਉਣਗੇ ਫਿਰ ਮਨ ਤੋਂ ਵੀ। ਕਿਉਂਕਿ ਜੇ ਅਸੀਂ ਮਨ ਨਾਲ ਉਸ ਨੂੰ ਲੱਭ ਰਹੇ ਹਾਂ ਤਾਂ ਨਹੀਂ ਮਿਲੇਗਾ। ਮਨ ਤੋਂ ਮਾਲੂਮ ਹੋਣ ਵਾਲਾ ਬ੍ਰਹਮ ਨਹੀਂ। ਮਨ ਅਤੇ ਇੰਦਰੀਆਂ ਨਾਲ ਵੇਖਿਆ ਜਾਣ ਵਾਲਾ ਬ੍ਰਹਮ ਨਹੀਂ ਹੈ। ਇਸ ਲਈ ਅਭਿਆਸ ਕਰੋ। ਇਸ ਲਈ ਇਕ ਮੰਤਰ ਯਾਦ ਰੱਖੋ ਜੋ ਵੀ ਨਜ਼ਰ ਆਏ ਜਾਂ ਖਿਆਲ ਆਏ ਕਹੋ ਇਹ ਮੈਂ ਨਹੀਂ ਹਾਂ। ਮਨ ਨੂੰ ਰੋਕਣਾ ਨਹੀਂ ਬਸ ਉਸ ਪ੍ਰਤੀ ਸਜੱਗ (ਚੇਤਨ) ਰਹੋ। ਧਿਆਨ ਵੀ ਇਕ ਸੱਜਗਤਾ ਹੈ। ਸੱਜਗਤਾ ਹੀ ਮਨ ਦੀ ਮੌਤ ਹੈ। ਇਕਾਗਰਤਾ ਕਰਨੀ ਚਾਹੀਦੀ ਹੈ ਪਰ ਇਕਾਗਰਤਾ ਧਿਆਨ ਨਹੀਂ। ਧਿਆਨ ਹੈ ਕਿਸੀ ਵਿਸ਼ੇ ਤੇ ਮਨ ਨਹੀਂ ਲਗਾਣਾ। ਜੇ ਕੋਈ ਚੀਜ ਖਿਆਲ ਵਿਚ ਆ ਗਈ ਉਸ ਦਾ ਮਹੱਤਵ ਖਤਮ ਕਰੋ। ਕਿਸੇ ਚੀਜ ਤੋਂ ਛੁੱਟਣ ਦਾ ਉਪਾਅ ਉਸ ਦੀ ਕੀਮਤ, ਮਹੱਤਵ ਨੂੰ ਖਤਮ ਕਰਨਾ ਹੈ। ਜਿਸ ਚੀਜ ਨੂੰ ਅਸੀਂ ਮਹੱਤਵ ਦਿੰਦੇ ਹਾਂ ਉਹ ਸਾਨੂੰ ਪਕੜ ਲੈਂਦਾ ਹੈ। ਮਹੱਤਵ ਨਾ ਹੋ ਸਰੀਰ ਬਣਿਆ ਹੈ, ਘਰ ਬਣਿਆ, ਮਨ ਬਣਿਆ ਹੈ ਇਸ ਦਾ ਕੋਈ ਪ੍ਰਭਾਵ ਨਹੀਂ। ਧਿਆਨ ਦੇ ਸਮੇਂ ਮੈਂ ਮਨ ਨਹੀਂ ਹਾਂ, ਮੈਂ ਕਰਤਾ ਨਹੀਂ ਹਾਂ, ਕੁਝ ਸਮੇਂ ਲਈ ਤੁਸੀਂ ਕਰਤਾ ਨਾ ਰਹੋ। ਕਰਤਾ ਭਾਵ ਤੱਦ ਹੀ ਖਤਮ ਹੋਵੇਗਾ ਜਦੋਂ ਅਸੀਂ ਉਸ ਦੇ ਹੁਕਮ ਨੂੰ ਪਹਿਚਾਣ ਲਵਾਂਗੇ। ਹੌਲੀ-ਹੌਲੀ ਅੰਦਰ ਜਾਗਦੇ-ਜਾਗਦੇ ਅਸੀਂ ਇਸ ਸੱਚ ਨੂੰ ਪ੍ਰਾਪਤ ਕਰ ਲਵਾਂਗੇ ਜੋ ਕਰਤਾ ਹੈ ਅਤੇ ਅਲੇਪ ਹੈ। ਜਿਸ ਨੂੰ ਥੋੜਾ ਜਿਨ੍ਹਾਂ ਵੀ ਲੇਪ ਨਹੀਂ। ਇਸ ਲਈ ਹੀ ਯੁਗ ਪੁਰਸ਼ ਜੀ ਨੇ ਸੰਗਤ ਨੂੰ ਧਿਆਨ ਦੀ ਵਿਧੀ ਵੀ ਸਿਖਾਈ। (ਪੰਜਾਬੀ ਉੱਲਥਾ)

**ਗਿਆਨੀ ਪ੍ਰਤਾਪ ਸਿੰਘ (12 ਅਕਤੂਬਰ 2025)**

ਤਖਤ ਹਜ਼ੂਰ ਸਾਹਿਬ ਦੇ ਸਾਬਕਾ ਹੈੱਡ ਗ੍ਰੰਥੀ ਗਿਆਨੀ ਪ੍ਰਤਾਪ ਸਿੰਘ ਜੀ ਨੇ ਕਥਾ ਦੀ ਹਾਜ਼ਰੀ ਭਰੀ। ਆਪ ਨੇ ਗੁਰੂ ਤੇਗ ਬਹਾਦਰ ਜੀ ਦੀ ਦਿੱਲੀ ਯਾਤਰਾ ਨੂੰ ਬਹੁਤ ਵਿਸਥਾਰ ਨਾਲ ਸੰਗਤ ਨੂੰ ਸੁਣਾਇਆ। ਉਹਨਾਂ ਸ਼ਹੀਦੀ ਤੋਂ ਪਹਿਲਾਂ ਕਿਵੇਂ ਸੰਗਤਾਂ ਨੂੰ ਦਰਸ਼ਨ ਦਿੱਤੇ, ਭਰਮ ਨਿਵਾਰੇ ਅਤੇ ਸ਼ਾਂਤ ਮਈ ਅਡੋਲ ਹੋ ਸ਼ੀਸ਼ ਦਾ ਬਲਿਦਾਨ ਦਿੱਤਾ। ਗਿਆਨੀ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਘਰ ਨਾਲ ਆਪਣੀ ਪੁਰਾਣੀ ਸਾਂਝ ਤੋਂ ਵੀ ਸੰਗਤ ਨੂੰ ਜਾਣੂ ਕਰਵਾਇਆ। ਕਿਵੇਂ ਸਾਡੇ ਬਾਬਾ ਜੀ ਸਤਿਗੁਰੂ ਪ੍ਰਤਾਪ ਸਿੰਘ ਜੀ ਕੋਲ ਆ ਰਹਿੰਦੇ ਰਹੇ। ਨਾਲ ਹੀ ਬਾਬਾ ਜੁਗਿੰਦਰ ਸਿੰਘ ਮੋਨੀ ਜੀ ਸਿੰਘ ਸਾਹਿਬ ਹਜ਼ੂਰ ਸਾਹਿਬ ਵਾਲਿਆਂ ਕਿਵੇਂ ਸਤਿਗੁਰੂ ਰਾਮ ਸਿੰਘ ਜੀ ਉੱਤੇ ਪੱਕੀ ਆਸਥਾ ਰੱਖੀ ਸੀ ਉਸ ਦੇ ਬਚਨ ਵੀ ਸਾਂਝੇ ਕੀਤੇ।

**ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸੈਮੀਨਾਰ**

**12 ਅਕਤੂਬਰ 2025** ਨੂੰ ਚੱਲ ਰਹੇ ਜਪ ਪ੍ਰਯੋਗ ਦੌਰਾਨ ਪੰਜਾਬ ਦਾ ਬੁੱਧੀਜੀਵੀ ਵਰਗ ਦੇ ਸੰਗਤਾਂ ਨੂੰ ਸੰਬੋਧਿਤ ਹੋਇਆ। ਜਿਸ ਵਿੱਚ ਪ੍ਰੋਫੈਸਰ ਸਾਹਿਬਾਨਾਂ ਨੇ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਵੱਖ-ਵੱਖ ਪਹਿਲੂਆਂ ਉੱਪਰ ਆਪਣੇ ਖੋਜ਼ ਨਿਬੰਧ ਪੇਸ਼ ਕੀਤੇ। ਇਸ ਪ੍ਰੋਗਰਾਮ ਦੌਰਾਨ ਡਾ. ਭਜਨ ਸਿੰਘ ਭੈਣੀ ਸਾਹਿਬ ਨੇ ਮੰਚ ਦਾ ਸੰਚਾਲਣ ਕੀਤਾ ਅਤੇ ਪ੍ਰਫੈਸਰ ਸਾਹਿਬਾਨਾਂ ਨੂੰ ਸੰਗਤਾਂ ਦੇ ਸਨਮੁੱਖ ਪੇਸ਼ ਕੀਤਾ।

**ਪ੍ਰੋ. ਹਰਪਾਲ ਸਿੰਘ ਜੀ** ਗੁਰੂ ਤੇਗ ਬਹਾਦਰ ਜੀ ਦੀਆਂ ਯਾਤਰਾਵਾਂ ਅਤੇ ਉਹਨਾਂ ਦੀ ਮਹੱਤਤਾ ਬਾਰੇ ਵਿਚਾਰ ਪੇਸ਼ ਕੀਤੇ, ਗੁਰੂ ਤੇਗ ਬਹਾਦਰ ਜੀ ਨੇ ਆਪਣੇ ਦਾਦਾ, ਗੁਰੂ ਅਰਜਨ ਦੇਵ ਜੀ ਤੋਂ ਸਹਾਦਤ ਦੀ ਜਾਚ ਸਿੱਖੀ। ਜੋ ਮਿਸ਼ਨ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਕੀਤਾ ਸੀ ਲੋਕਾਂ ਨਾਲ ਜੁੜਨ ਦਾ ਉਹ ਗੁਰੂ ਤੇਗ ਬਹਾਦੁਰ ਜੀ ਨੇ ਸੁਰਜੀਤ ਕੀਤਾ। ਗੁਰੂ ਤੇਗ ਬਹਾਦੁਰ ਜੀ ਆਪਣੀ ਯਾਤਰਾ ਸਮੇਂ ਕੈਥਲ ਗਏ, ਉਥੇ ਉਹ ਗੁਰੂ ਨਾਨਕ ਦੇ ਸਮੇਂ ਤੋਂ ਸਿੱਖ ਬਣੇ ਤਿੰਨ ਪਰਿਵਾਰਾਂ ਨਾਲ ਮਿਲੇ ਜੋ ਦੋ ਬਾਣੀਆਂ ਅਤੇ ਵਪਾਰੀਆਂ ਦੇ ਪਰਿਵਾਰ ਸਨ ਅਤੇ ਇੱਕ ਤਰਖਾਣਾਂ ਦਾ ਪਰਿਵਾਰ ਸੀ। ਉਹ ਉੱਤਰ ਪ੍ਰਦੇਸ਼ 'ਚ ਬਨਾਰਸ ਅਤੇ ਪ੍ਰਯਾਗ ਗਏ। ਇਸ ਤੋਂ ਬਾਅਦ ਗੁਰੂ ਤੇਗ ਬਹਾਦੁਰ ਜੀ ਅਸਾਮ ਅਤੇ ਢਾਕਾ ਗਏ। ਜਿਥੇ ਅਸਾਮ ਦਾ ਰਾਜਾ ਉਹਨਾਂ ਦਾ ਸ਼ਰਧਾਲੂ ਬਣਿਆਂ। ਗੁਰੂ ਤੇਗ ਬਹਾਦੁਰ ਜੀ ਨੂੰ ਗੁਰੂ ਗੋਬਿੰਦ ਸਿੰਘ ਦੇ ਜਨਮ ਦੀ ਖ਼ਬਰ ਢਾਕਾ ਵਿਖੇ ਮਿਲੀ ਸੀ। ਗੁਰੂ ਤੇਗ ਬਹਾਦੁਰ ਜੀ ਦੇ ਪ੍ਰਚਾਰ ਦਾ ਸਾਧਨ ਉਹਨਾਂ ਦੇ ਹੁਕਮਨਾਮੇ ਸਨ। ਗੁਰੂ ਤੇਗ ਬਹਾਦੁਰ ਜੀ ਕੋਲ

ਆਏ ਕਸ਼ਮੀਰੀ ਪੰਡਿਤ ਗੁਰੂ ਨਾਨਕ ਵੇਲੇ ਤੋਂ ਸਿੱਖੀ ਨਾਲ ਜੁੜੇ ਹੋਏ ਸਨ। ਇਸ ਤੋਂ ਬਾਅਦ ਗੁਰੂ ਜੀ ਦੀ ਸ਼ਹਾਦਤ ਹੁੰਦੀ ਹੈ।

**ਪ੍ਰੋ. ਬਲਜੀਤ ਸਿੰਘ** ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਇੱਕ ਵਿਰਾਸਤ ਵਿਚੋਂ ਨਿਕਲਦੀ ਹੈ ਜਿਸ ਦਾ ਮੁੱਢ ਗੁਰੂ ਨਾਨਕ ਦੇਵ ਜੀ ਬੰਨ੍ਹਦੇ ਹਨ। ਦੂਸਰੇ ਪਾਸੇ ਮੁਗਲਾਂ ਦੀ ਵਿਰਾਸਤ ਦਾ ਮੁੱਢ ਬਾਬਰ ਬੰਨਦਾ ਹੈ। ਜਿਥੇ ਬਾਬਰ ਦੀ ਵਿਰਾਸਤ ਨੂੰ ਔਰੰਗਜ਼ੇਬ ਸੰਭਾਲਦਾ ਹੈ ਉਥੇ ਗਰੂ ਨਾਨਕ ਦੀ ਵਿਰਾਸਤ ਨੂੰ ਗੁਰੂ ਤੇਗ ਬਹਾਦੁਰ ਜੀ ਸੰਭਾਲਦੇ ਹਨ। ਗੁਰੂ ਨਾਨਕ ਦਾ ਮਿਸ਼ਨ ਬਹੁਤ ਵੱਡਾ ਮਿਸ਼ਨ ਸੀ ਜਿਸ ਨੂੰ ਗੁਰੂ ਤੇਗ ਬਹਾਦੁਰ ਜੀ ਅੱਗੇ ਤੋਰਦੇ ਹਨ। ਜਿਸ ਵਿੱਚ ਸ਼ਹਾਦਤ ਦਾ ਸੰਕਲਪ ਪਹਿਲਾਂ ਹੀ ਸ਼ਾਮਿਲ ਹੈ। ਗੁਰੂ ਤੇਗ ਬਹਾਦਰ ਆਪਣੀਆਂ ਯਾਤਰਾਵਾਂ ਰਾਹੀਂ ਲੋਕਾਂ ਨੂੰ ਔਰੰਗਜੇਬ ਦੇ ਭੈਅ ਤੋਂ ਭੈਅ ਮੁਕਤ ਕਰ ਰਹੇ ਸਨ। ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਵੀ ਲੋਕਾਈ ਨੂੰ ਭੈਅ ਮੁਕਤ ਕਰਨਾ ਸੀ।

**ਪ੍ਰੋ. ਅਵਤਾਰ ਸਿੰਘ ਜੀ** ਗੁਰੂ ਤੇਗ ਬਹਾਦੁਰ ਜੀ ਦੇ ਜੀਵਨ ਤੋਂ ਸਾਰੇ ਹੀ ਜਾਣੂ ਹਨ ਪਰ ਹਾਲੇ ਵੀ ਬਹੁਤ ਸਾਰੇ ਅਜਿਹੇ ਪਹਿਲੂ ਹਨ ਜਿੰਨਾਂ ਨੂੰ ਭਾਸ਼ਾ ਦੇ ਆਧਾਰ ਤੇ ਘੋਖਣ ਦੀ ਜ਼ਰੂਰਤ ਹੈ। ਮੈਂ ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ ਜਿਨ੍ਹਾਂ ਵਿਚੋਂ ਬਹੁਤ ਕੁਝ ਅਜਿਹਾ ਮਿਲਿਆ ਜਿਸ ਵੱਲ ਹਾਲੇ ਤੱਕ ਕਿਸੇ ਦਾ ਧਿਆਨ ਨਹੀਂ ਗਿਆ। ਬਚਿੱਤਰ ਨਾਟਕ ਵਿੱਚ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਤਾ ਗੁਰੂ ਤੇਗ ਬਹਾਦੁਰ ਜੀ ਦੇ ਇਸ ਦੁਨੀਆਂ ਤੋਂ ਤੁਰ ਜਾਣ ਦਾ ਜ਼ਿਕਰ ਕਰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਆਪਣੇ ਪਿਤਾ ਗੁਰੂ ਤੇਗ ਬਹਾਦੁਰ ਜੀ ਬਾਰੇ ਇੱਕ ਸ਼ਬਦ ਲਿਖਦੇ ਹਨ 'ਪ੍ਰਭ ਲੋਗਨ' ਜਿਸ ਦਾ ਅਨੁਵਾਦ ਸਿਰਦਾਰ ਕਪੂਰ ਸਿੰਘ ਕਰਦੇ ਹਨ 'Men of High Culture'। ਜਿਸ ਦਾ ਅਸੀਂ ਹੇਠ ਲਿਖੇ ਤਰੀਕੇ ਨਾਲ ਵਿਆਖਿਆਨ ਕਰ ਸਕਦੇ ਹਾਂ ਕਿ ਚਾਰਲਸ ਡਾਰਵਿਨ ਨੇ ਆਪਣਾ ਇੱਕ ਸਿਧਾਂਤ ਦਿੱਤਾ 'survival of the fittest' ਮਤਲਬ ਜੋ ਕੁਦਰਤ ਦੇ ਫਿੱਟ ਹੈ ਉਹੀ ਜਿਉਂਦਾ ਰਹੇਗਾ। ਇਹ ਜੰਗਲੀ ਜੀਵਾਂ ਉੱਪਰ ਲਾਗੂ ਹੁੰਦਾ ਸਿਧਾਂਤ ਹੈ ਪਰ 'ਕਲਚਰ' ਸ਼ਬਦ ਮਨੱਖ ਨੇ ਬਣਾਇਆ ਹੈ। ਕਲਚਰ ਦਾ ਮਤਲਬ 'ਕੇਅਰ ਕਰਨਾ' ਹੈ। ਕਲਚਰ ਵਿੱਚ survival of everybody' ਕਲਚਰ ਸਮਾਜ ਦਾ ਅਰਥ ਹੈ ਸਭ ਨੇ ਇਕੱਠ ਮਿਲ ਕੇ ਅੱਗੇ ਵਧਣਾ। ਇਸ ਲਈ ਸਿਰਦਾਰ ਕਪੂਰ ਸਿੰਘ ਨੇ ਲਿਖਿਆ ਹੈ 'ਪ੍ਰਭ ਲੋਗਨ' ਉਹ ਜੋ ਸਭ ਨੂੰ ਨਾਲ ਲੈ ਕੇ ਚਲਦੇ ਹਨ ਅਤੇ ਕਮਜ਼ੋਰ ਦੀ ਜਿਆਦਾ ਦੇਖ ਰੇਖ ਕਰਦੇ ਹਨ। ਪ੍ਰੋਫੈਸਰ ਸਾਹਿਬ ਨੇ ਦੱਸਿਆ ਕਿ ਭਾਈ ਕਾਹਨ ਸਿੰਘ ਨਾਭਾ 'ਸਿਰਰ' ਦਾ ਅਰਥ ਦਿੰਦੇ ਹਨ 'ਇੱਕ ਉੱਚ ਅਧਿਆਤਮਿਕ ਅਵਸਥਾ'। ਗੁਰੂ ਤੇਗ ਬਹਾਦੁਰ ਜੀ ਦੀ ਸ਼ਹਾਦਤ ਬਾਰੇ ਮਕਾਲਿਫ ਨੇ ਲਿਖਿਆ ਕਿ ਜਦ ਗੁਰੂ ਤੇਗ ਬਹਾਦੁਰ ਜੀ ਨੂੰ ਸ਼ਹੀਦ ਕਰਨਾ ਸੀ ਤਾਂ ਗੁਰੂ ਤੇਗ ਬਹਾਦੁਰ ਜੀ ਨੇ ਕਰਾਮਾਤ ਦਿਖਾਉਣ ਤੋਂ ਮਨ੍ਹਾਂ ਕੀਤਾ ਤਾਂ ਉਹਨਾਂ ਕਿਹਾ ਕਿ ਮੈਂ ਕਾਗਜ ਤੇ ਕੁਝ ਲਿਖਦਾ ਹਾਂ ਇਸ ਨਾਲ ਮੇਰਾ ਸਿਰ ਨਹੀਂ ਕਟਿਆ ਜਾਵੇਗਾ ਜਦੋਂ ਗੁਰੂ ਸਾਹਿਬ ਦਾ ਸਿਰ ਕੱਟਿਆ ਗਿਆ ਤਾਂ ਉਸ ਉੱਪਰ ਲਿਖਿਆ ਸੀ ਵੀ ਸਿਰ ਦਿੱਤਾ ਪਰ ਰੱਬ ਦਾ ਸਾਥ ਨਹੀਂ ਛੱਡਿਆ।

**ਅਮਰਜੀਤ ਗਰੇਵਾਲ** ਪ੍ਰੋ. ਸਾਹਿਬ ਨੇ ਦੱਸਿਆ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਿੱਖੀ ਸਿਧਾਂਤਾਂ ਦੇ ਨਾਲ-ਨਾਲ ਦੁਨੀਆਂ ਪੱਧਰ ਤੇ ਦੇਖਣਾ ਚਾਹੀਦਾ ਹੈ। ਆਉਣ ਵਾਲੇ ਸਮੇਂ ਵਿੱਚ ਮਸ਼ੀਨੀ ਬੁੱਧੀ ਮਨੁੱਖ ਤੋਂ ਵੀ ਅੱਗੇ ਲੰਘ ਜਾਵੇਗੀ। ਜਿਸ ਨਾਲ ਮਨੁੱਖੀ ਹੋਂਦ ਲਈ ਖਤਰਾ ਪੈਦਾ ਹੋਵੇਗਾ। ਕੀ ਇਸ ਨੂੰ ਕਿਸੇ ਤਰੀਕੇ ਨਾਲ ਬਚਾਇਆ ਜਾ ਸਕਦਾ ਹੈ। ਤਿੰਨ ਗੱਲਾਂ ਬਹੁਤ ਮਹੱਤਵਪੂਰਨ ਨੇ ਜੋ ਗੁਰੂ ਤੇਗ ਬਹਾਦੁਰ ਜੀ ਨਾਲ ਜੁੜੀਆਂ ਹਨ। ਸ਼ਹਾਦਤ ਜਿਸ ਨੇ ਭਵਿੱਖ ਨੂੰ ਜਨਮ ਦਿੱਤਾ ਮੇਰੀ ਹੁਣੇ ਜਿਹੇ ਕਿਤਾਬ ਆਈ ਹੈ। ਮਨੁੱਖਤਾ ਨੂੰ ਇਕ ਟਰਨ ਲੈਣੀ ਚਾਹੀਦੀ ਹੈ, ਇਹ ਏ.ਆਈ ਦਾ ਯੁੱਗ ਨਹੀਂ ਹੈ ਇਹ ਨੈਤਿਕ ਯੁੱਗ ਵਜੋਂ ਸਮਝਣਾ ਪਵੇਗਾ। ਗੁਰੂ ਤੇਗ ਬਹਾਦੁਰ ਦੀ ਸਹਾਦਤ ਨੂੰ ਸਮਝਣਾ ਪਵੇਗਾ। ਗੁਰੂ ਤੇਗ ਬਹਾਦੁਰ ਦੀ ਸ਼ਹਾਦਤ ਦਾ ਮਤਲਬ ਸੀ ਕਿ ਸਭ ਨੂੰ ਬਰਾਬਰਤਾ ਦਾ ਹੱਕ ਹੈ। ਦੁਨੀਆਂ ਨੇ ਪਹਿਲੀ ਵਾਰ ਬਰਾਬਰਤਾ ਲਈ ਸ਼ਹਾਦਤ ਵੇਖੀ ਸੀ। ਉਹਨਾਂ ਸਾਬਤ ਕੀਤਾ ਸੀ ਕਿ ਸ਼ਹਾਦਤ ਵੰਨ ਸਵੰਨਤਾ ਲਈ ਹੈ। ਗੁਰੂ ਤੇਗ ਬਹਾਦੁਰ ਦੀ ਸ਼ਹਾਦਤ ਵਿੱਚ ਸਰਬੱਤ ਦਾ ਭਲਾ ਸ਼ਾਮਿਲ ਹੈ। ਅੱਜ ਕੱਲ੍ਹ ਸਾਰੇ ਸਿਧਾਂਤ ਇਸ ਸੋਚ ਨੂੰ ਮੁੱਖ ਰੱਖ ਕੇ ਬਣਾਏ ਜਾ ਰਹੇ ਹਨ ਜਿਸ ਦੀ ਸ਼ੁਰੂਆਤ ਗੁਰੂ ਤੇਗ ਬਹਾਦੁਰ ਦੀ 1675 ਵਿੱਚ ਸ਼ਹਾਦਤ ਨਾਲ ਕਰ ਦਿੱਤੀ ਸੀ। ਗੁਰੂ ਤੇਗ ਬਹਾਦੁਰ ਜੀ ਨੇ ਸ਼ਹਾਦਤ ਰਾਹੀ ਸਰਵਾਈਵਲ ਦੀ ਨੀਤੀ ਬਖ਼ਸ਼ੀ ਸੀ।

**ਜਸਵੰਤ ਜ਼ਫਰ** – ਇਤਿਹਾਸ ਸਾਡੇ ਬੀਤੇ ਸਮੇਂ ਦਾ ਉਹ ਸ਼ੀਸ਼ਾ ਹੁੰਦਾ ਜਿਸ ਵਿੱਚ ਅਸੀਂ ਵਰਤਮਾਨ ਦਾ ਮੂੰਹ ਵੇਖਣਾ ਹੁੰਦਾ ਹੈ। ਕਈ ਵਾਰ ਅਸੀਂ ਇਤਿਹਾਸ ਤੋਂ ਹੰਕਾਰ ਕਰਨਾ ਸਿੱਖ ਲੈਂਦੇ ਹਨ। ਸਗੋਂ ਇਤਿਹਾਸ ਸਾਡੇ ਪੁਰਖਿਆਂ ਦਾ ਇਤਿਹਾਸ ਉਹਨਾਂ ਨਾਲ ਜੁੜਿਆ ਹੈ ਸਾਡਾ ਇਤਿਹਾਸ ਅਸੀਂ ਖੁਦ ਲਿਖ ਰਹੇ ਹਾਂ। ਅਸੀਂ ਆਪਣੇ ਆਪ ਅਨੁਸਾਰ

ਇਤਿਹਾਸ ਨੂੰ ਢਾਲਣ ਲਗਦੇ ਹਾਂ ਸਗੋਂ ਅਸੀਂ ਆਪਣੇ ਆਪ ਨੂੰ ਇਤਿਹਾਸ ਵਾਂਗ ਢਾਲਣਾ ਹੁੰਦਾ ਹੈ। ਪ੍ਰੋਫੈਸਰ ਸਾਹਿਬ ਨੇ ਸਿੱਖੀ ਨਾਲ ਸੰਬੰਧਿਤ ਕਵਿਤਾਵਾਂ ਪੜ੍ਹੀਆਂ। ਉਹਨਾਂ ਕਿਹਾ ਕਿ ਕਸ਼ਮੀਰੀ ਪੰਤਿਡ ਕਿਥੋਂ ਆਏ ਸਨ ਕਸ਼ਮੀਰੀ ਪੰਡਿਤ ਕਿਰਪਾ ਰਾਮ ਦਾ ਪਰਿਵਾਰ ਗੁਰੂ ਨਾਨਕ ਦੇਵ ਦੇ ਸਮੇਂ ਤੋਂ ਹੀ ਸਿੱਖੀ ਨਾਲ ਜੁੜੇ ਹੋਏ ਹਨ। ਕਿਰਪਾ ਰਾਮ ਗੁਰੂ ਗੋਬਿੰਦ ਸਿੰਘ ਤੋਂ ਅੰਮ੍ਰਿਤ ਛੱਕ ਕੇ ਸਿੱਖ ਬਣਿਆਂ ਅਤੇ ਚਮਕੌਰ ਦੀ ਗੜ੍ਹੀ ਵਿੱਚ ਸ਼ਹੀਦ ਹੋਇਆ ਸੀ। ਉਹਨਾਂ ਦੱਸਿਆ ਕਿ ਭਾਈ ਮਤੀ ਦਾਸ ਸਤੀ ਦਾਸ ਬ੍ਰਾਹਮਣਾਂ ਦੇ ਮੁੰਡੇ ਸਨ ਜੋ ਗੁਰੂ ਸਾਹਿਬ ਦੇ ਨਾਲ ਹੀ ਸ਼ਹੀਦ ਹੋਏ ਸਨ। ਗੁਰੂ ਸਾਹਿਬ ਦੀ ਸ਼ਹਾਦਤ ਸਰਬਤ ਲਈ ਸੀ।

**ਸਤਿਗੁਰ ਉਦੇ ਸਿੰਘ ਜੀ**

"ਉਹਨਾਂ ਕਿਹਾ ਕਿ ਬਾਣੀ ਅਧਿਆਤਮ ਹੈ ਦੁਨਿਆਵੀਂ ਨਹੀਂ ਹੈ। ਗੁਰੂ ਸਾਹਿਬ ਨੇ ਕਿਹਾ ਸੀ ਕਿ ਜਗਤ ਦੀ ਪ੍ਰੀਤ ਝੂਠੀ ਹੈ ਮਨੁੱਖ ਦੀ ਪ੍ਰੀਤ ਪ੍ਰਮਾਤਮਾ ਨਾਲ ਹੋਣੀ ਚਾਹੀਦੀ ਹੈ। ਸਾਡੇ ਵਿੱਚੋਂ ਬਹੁਤ ਘੱਟ ਲੋਕ ਸਮਝਦੇ ਹਨ ਕਿ ਅਸੀਂ ਇੱਥੇ ਹਮੇਸ਼ਾਂ ਨਹੀਂ ਰਹਿਣਾ ਹੈ। ਗੁਰਬਾਣੀ ਸਾਨੂੰ ਸੱਚ ਨਾਲ ਜੋੜਦੀ ਹੈ ਕਿ ਅਸੀਂ ਇਥੇ ਦੇਹ ਰੂਪ ਵਿੱਚ ਹਾਂ, ਇਹ ਸਾਡੀ ਮੰਜ਼ਿਲ ਨਹੀਂ ਹੈ। ਸੀਸ ਦੇਣਾ ਉਸ ਲਈ ਵੱਡੀ ਗੱਲ ਨਹੀਂ ਜੋ ਇਹ ਸਮਝ ਲੈਂਦਾਂ ਕਿ ਇਹ ਦੇਹ ਦਾ ਕੋਈ ਮੁੱਲ ਨਹੀਂ ਹੈ। ਸੰਸਾਰ ਇਕ ਸੁਪਨਾ ਹੈ। ਮੁਕਤੀ ਮਨ ਦੀ ਹੈ। ਗੁਰਬਾਣੀ ਕਿਸੇ ਸਪੈਸ਼ਲ ਧਰਮ ਲਈ ਨਹੀਂ ਹੈ ਉਹ ਤਾਂ ਗਿਆਨ ਹੈ ਜਿਸ ਨਾਲ ਅਸੀਂ ਸੁੱਖੀ ਹੋ ਸਕਦੇ ਹਾਂ। ਸਾਨੂੰ ਵੀ ਅਰਜ਼ ਕਰਨੀ ਚਾਹੀਦੀ ਹੈ ਕਿ ਪ੍ਰਮਾਤਮਾ ਸਾਡੇ ਉੱਪਰ ਵੀ ਇਹ ਕਿਰਪਾ ਕਰ ਦਿਓ ਕਿ ਸਾਨੂੰ ਵੀ ਚਿੰਤਾਵਾਂ ਤੋਂ ਛੁਟਕਾਰਾ ਮਿਲ ਜਾਵੇ। ਸਾਡਾ ਵੀ ਜੀਵਨ ਆਨੰਦ ਮਈ ਹੋ ਜਾਵੇ।"

ਬਾਹਰੋਂ ਆਏ ਵਿਦਵਾਨਾਂ ਤੋਂ ਬਿਨਾਂ ਨਾਮਧਾਰੀ ਸਮਾਜ ਦੇ ਵਿਦਿਆ ਮਾਰਤੰਡ ਸੰਤ ਨਿਸ਼ਾਨ ਸਿੰਘ ਜੀ, ਪੰ. ਯਾਦਵਿੰਦਰ ਸਿੰਘ, ਸੰਤ ਗੁਰੂਬਚਨ ਸਿੰਘ, ਗੁਰਲਾਲ ਸਿੰਘ, ਸੇਵਕ ਹਰਪਾਲ ਸਿੰਘ ਆਦਿ ਵਿਦਵਾਨ ਕਥਾ ਸਾਰਾ ਮਹੀਨਾ ਵਾਰੋ-ਵਾਰੀ ਕਰਦੇ ਰਹੇ। ਜਥੇਦਾਰਾਂ ਦੇ ਦੀਵਾਨ ਅਤੇ ਕਵੀਆਂ ਵਲੋਂ ਕਵੀਸ਼ਰੀ ਵੀ ਹੋਈ।

## ਅੱਸੂ ਦਾ ਮੇਲਾ 2025

**14-11-2025-** ਨੂੰ ਸਲਾਨਾ ਨਾਮ ਸਿਮਰਨ ਦੇ ਪ੍ਰਯੋਗ ਦੀ ਸਮਾਪਤੀ ਅਤੇ ਅਗਲੇ ਵਰ੍ਹੇ ਦੇ ਪ੍ਰਯੋਗ ਦੇ ਸ਼ੁਰੂਆਤ ਦੀ ਅਰਦਾਸ ਸੂਬਾ ਬਲਵਿੰਦਰ ਸਿੰਘ ਝੱਲ ਹੁਰਾਂ ਵਲੋਂ ਸਤਿਗੁਰੂ ਉਦੇ ਸਿੰਘ ਜੀ ਦੀ ਹਜ਼ੂਰੀ ਵਿਚ ਕੀਤੀ ਗਈ। ਅਰਦਾਸ ਵੇਲੇ ਸੰਗਤਾਂ ਦਾ ਉਤਸ਼ਾਹ ਵੇਖਣ ਵਾਲਾ ਸੀ।

**ਦਿਨ ਦੇ ਦੀਵਾਨ-** ਦਿਨ ਦੇ ਦੀਵਾਨਾਂ ਦੀ ਸ਼ੁਰੂਆਤ ਸੰਤ ਕੁਲਦੀਪ ਸਿੰਘ ਦਾਤੇਵਾਲ ਨੇ ਕੀਤੀ। ਉਹਨਾਂ ਤੋਂ ਬਾਅਦ ਨਾਮਧਾਰੀ ਪੰਥ ਦੇ ਸਵਰਗੀਆ ਜਥੇਦਾਰ ਧਰਮ ਸਿੰਘ ਦਿੱਲੀ ਵਾਲਿਆਂ ਦੇ ਪੋਤਰੇ ਜਥੇਦਾਰ ਰਾਜਾ ਸਿੰਘ ਨੇ ਖੜਤਾਲਾਂ ਵਜਾ ਕੇ ਪੁਰਾਤਨ ਸ਼ੈਲੀ ਯਾਦ ਕਰਵਾ ਦਿੱਤੀ। ਜ. ਬਲਦੇਵ ਸਿੰਘ ਨੇ ਸਤਿਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਪ੍ਰਸੰਗ ਸੁਣਾਇਆ। ਦੁਪਹਿਰ ਵੇਲੇ ਕਿਰਪਾ ਸਿੰਘ ਨੇ ਕਥਾ ਰਾਹੀਂ ਨਾਮ ਦੀ ਮਹਾਨਤਾ ਬਾਰੇ ਵਿਚਾਰ ਕੀਤੇ। ਨਿਤਨੇਮ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਰਵਨ ਕੀਤਾ। ਦੁਪਹਿਰ ਦਾ ਕੀਰਤਨ ਹਜ਼ੂਰੀ ਰਾਗੀ ਡਾ. ਹਰਵਿੰਦਰ ਸਿੰਘ, ਸਤਨਾਮ ਸਿੰਘ, ਸੰਤਾ ਸਿੰਘ, ਹਰਨਾਮ ਸਿੰਘ, ਬਸੰਤ ਸਿੰਘ ਵਲੋਂ ਕੀਤਾ ਗਿਆ।

**ਸ਼ਾਮ ਦੇ ਦੀਵਾਨ-** ਸ਼ਾਮ ਦੇ ਦੀਵਾਨਾਂ ਵਿਚ ਜਥੇਦਾਰ ਜਸਪਾਲ ਸਿੰਘ ਸੰਤ ਨਗਰ ਵਾਲਿਆਂ ਦੀ ਪੁੱਤਰੀ ਰਾਜਿੰਦਰ ਕੌਰ ਨੇ ਭਾਈ ਕਨੱਈਆ ਜੀ ਦਾ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਜ. ਜਸਵੰਤ ਸਿੰਘ ਹੁਰਾਂ ਨੇ "ਰਾਮ ਨਾਮ ਉਰ ਮੈ ਗਇਓ" ਟੇਕ ਲੈ ਕੇ ਨਾਮ ਦੀ ਮਹਾਨਤਾ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੀ ਕੀਤੀ। ਜ. ਬਲਜੀਤ ਸਿੰਘ ਹੁਰਾਂ ਨੇ ਸਤਿਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਕਾਰਨਾਂ ਅਤੇ ਸ਼ਹਾਦਤ ਤੋਂ ਬਾਅਦ ਖਾਲਸੇ ਵਿਚ ਵਰਤਨਾਂ ਬਾਰੇ ਵਿਚਾਰ ਕੀਤੇ। ਜ. ਤਰਨ ਸਿੰਘ ਹੁਰਾਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਿਛੋੜੇ ਦਾ ਪ੍ਰਸੰਗ ਸੁਣਾ ਕੇ ਸੰਗਤਾਂ ਵਿਚ ਸਤਿਗੁਰੂ ਜੀ ਦੀ ਯਾਦ ਫਿਰ ਤਾਜਾ ਕਰ ਦਿੱਤੀ।

**15-11-2025-** ਸਵੇਰੇ ਆਸਾ ਦੀ ਵਾਰ ਦਾ ਕੀਰਤਨ ਸਤਨਾਮ ਸਿੰਘ, ਕਿਰਪਾਲ ਸਿੰਘ ਯੂ.ਕੇ. ਡਾ. ਹਰਵਿੰਦਰ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਬਸੰਤ ਸਿੰਘ ਦੇ ਜਥੇ ਵਲੋਂ ਕੀਤਾ ਗਿਆ।

**ਦਿਨ ਦੇ ਦੀਵਾਨ-** ਦੀਵਾਨਾਂ ਦੀ ਸ਼ੁਰੂਆਤ ਸੂਬਾ ਬਲਵਿੰਦਰ ਸਿੰਘ ਚੱਕਯਕੂਬ ਹੁਰਾਂ ਨੇ ਕੀਤੀ ਅਤੇ ਉਹਨਾਂ ਬਾਅਦ ਮਹੰਤ ਸੰਤੋਖ ਸਿੰਘ ਜੀ ਨੇ ਸੰਗਤਾਂ ਨੂੰ ਗੁਰੂ ਕਾ ਜੱਸ ਸਰਵਨ ਕਰਾਇਆ। ਜ. ਬਲਬੀਰ ਸਿੰਘ ਹੁਰਾਂ ਨੇ ਮੱਖਣ ਸ਼ਾਹ ਲੁਬਾਣੇ ਦਾ ਬੇੜਾ ਤਾਰਨ ਤੇ ਸਤਿਗੁਰੂ ਤੇਗ ਬਹਾਦਰ ਜੀ

ਦੇ ਪ੍ਰਗਟ ਨੇ "ਜਬ ਹਮ ਏਕੋ ਏਕ ਕਰ ਜਾਨਿਆ" ਟੇਕ ਲੈ ਕੇ ਆਪਣਾ ਵਿਖਆਣ ਸ਼ੁਰੂ ਕੀਤਾ। ਹਰ ਵਿਚ ਇਕ ਵੇਖਣ ਅਤੇ ਸਾਂਝੀਵਾਲਤਾ ਦੀ ਸਾਂਝ ਰੱਖਣ ਦੀ ਵਿਚਾਰ ਗੁਰਬਾਣੀ ਪ੍ਰਮਾਣ ਨਾਲ ਸੰਗਤਾਂ ਦੇ ਸਾਹਮਣੇ ਰੱਖੀ। ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿੱਤਰ ਉਪਦੇਸ਼ ਸੁਣਦਿਆਂ ਸੰਗਤਾਂ ਨੇ ਨਾਮ ਸਿਮਰਨ ਕੀਤਾ। ਦੁਪਹਿਰ ਦਾ ਕੀਰਤਨ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਕਿਰਪਾਲ ਸਿੰਘ, ਡਾ. ਹਰਵਿੰਦਰ ਸਿੰਘ, ਹਰਨਾਮ ਸਿੰਘ, ਸਤਨਾਮ ਸਿੰਘ ਹੁਰਾਂ ਨੇ ਜਥੇ ਨੇ ਕੀਤਾ। ਪਹਿਲਾਂ ਸ਼ਬਦ "ਮੁੰਝ ਕੁਚੱਜੀ ਅੰਮਾਵਣਿ ਡੋਸੜੇ" ਪੜਿਆ ਅਤੇ ਬਾਅਦ ਵਿਚ "ਰਾਖ ਰਾਖ ਮੇਰੇ ਬੀਠੁਲਾ ਜਨੁ ਸਰਨਿ ਤੁਮਾਰੀ" ਸ਼ਬਦ ਪੜ੍ਹ ਕੇ ਸਮਾਪਤੀ ਕੀਤੀ।

**ਸ਼ਾਮ ਦੇ ਦੀਵਾਨਾਂ** ਵਿਚ ਯਮੁਨਾ ਨਗਰ ਦੇ ਨੌਜਵਾਨ ਜਥੇ ਅਤੇ ਜਥੇਦਾਰ ਰਤਨ ਸਿੰਘ ਨੇ ਬਹੁਤ ਉੱਚੀਆਂ ਸੁਰਾਂ ਵਿਚ ਸੰਗਤ ਨੂੰ ਦੀਵਾਨ ਸਰਵਨ ਕਰਵਾਇਆ। ਜ. ਪਿਆਰਾ ਸਿੰਘ ਨੇ "ਤਨ ਮਨ ਤੇਰਾ ਸਭ ਗੁਣ ਤੇਰੇ" ਸ਼ਬਦ ਦੀ ਟੇਕ ਲਈ ਤੇ ਮੱਖਣ ਸ਼ਾਹ ਲੁਬਾਣੇ ਦਾ ਪ੍ਰਸੰਗ ਸੁਣਾਇਆ। ਨਰਿੰਦਰਪਾਲ ਸਿੰਘ ਹੁਰਾਂ ਦੇ ਕਵੀਸ਼ਰੀ ਜਥੇ ਨੇ ਸਤਿਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਦੇ ਪ੍ਰਸੰਗ ਨੂੰ ਕਵਿਤਾ ਰੂਪ ਵਿਚ ਸੰਗਤਾਂ ਸਾਹਮਣੇ ਪੇਸ਼ ਕੀਤਾ।

**16-11-2025-** ਸਵੇਰ ਦੀ ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਬੰਸ ਸਿੰਘ ਘੁੱਲਾ, ਕਿਰਪਾਲ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਸਰਮੁੱਖ ਸਿੰਘ, ਸ਼ਾਮ ਸਿੰਘ ਦੇ ਜਥੇ ਵਲੋਂ ਕੀਤਾ ਗਿਆ। ਆਸਾ ਦੀ ਵਾਰ ਦੀ ਸਮਾਪਤੀ ਤੋਂ ਬਾਅਦ ਸੇਵਕ ਹਰਪਾਲ ਸਿੰਘ ਜੀ ਨੇ ਸੰਗਤਾਂ ਨੂੰ ਸੰਬੋਧਨ ਕੀਤਾ।

**ਦੁਪਹਿਰ ਦੇ ਦੀਵਾਨ-** ਜ. ਮਨਮੋਹਨ ਸਿੰਘ ਜੀ ਨੇ ਦੀਵਾਨਾਂ ਦੀ ਸ਼ੁਰੂਆਤ ਕੀਤੀ ਤੇ ਬਾਅਦ ਵਿਚ ਸੂਬਾ ਅਜੀਤ ਸਿੰਘ ਬਟਾਲਾ ਅਤੇ ਜ. ਪ੍ਰੀਤਮ ਸਿੰਘ ਨੇ ਸੰਗਤਾਂ ਨੂੰ ਨਿਹਾਲ ਕੀਤਾ। ਜ. ਨਿਸ਼ਾਨ ਸਿੰਘ ਦਿੱਲੀ ਵਾਲਿਆਂ ਨੇ "ਭੈ ਕਾਂਹੂ ਕੋ ਦੇਤਿ ਨਹਿ, ਨਹਿ ਭੈ ਮਾਨਤ ਆਨਿ" ਟੇਕ ਲੈ ਕੇ ਦੀਵਾਨ ਦੀ ਸ਼ੁਰੂਆਤ ਕੀਤੀ ਤੇ ਗੁਰੂ ਤੇਗ ਬਾਹਦਰ ਜੀ ਦੀ ਬਾਣੀ ਵਿਚ ਸਿੱਖੀ ਸਿਧਾਂਤਾਂ ਦੀ ਪ੍ਰੀਭਾਸ਼ਾ ਦੱਸੀ। ਸੰਤ ਗੁਰੂਬਚਨ ਸਿੰਘ ਚੰਡੀਗੜ੍ਹ ਵਾਲਿਆਂ ਨੇ ਗੁਰੂ ਕਿਰਪਾ ਨਾਲ ਨਾਮ ਦੀ ਪ੍ਰਾਪਤੀ, ਜਨਮ ਸਫਲ ਅਤੇ ਸਾਧੂਆਂ ਦੀ ਮਸਤੀ ਦੀਆਂ ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਨਿਤਨੇਮ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਵਿੱਤਰ ਉਪਦੇਸ਼ ਸੰਗਤਾਂ ਨੇ ਸਰਵਨ ਕੀਤੇ। ਕੀਰਤਨ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਡਾ. ਹਰਵਿੰਦਰ ਸਿੰਘ, ਹਰਨਾਮ ਸਿੰਘ, ਕਿਰਪਾਲ ਸਿੰਘ, ਸਤਨਾਮ ਸਿੰਘ, ਸੰਤਾ ਸਿੰਘ ਦੇ ਜਥੇ ਨੇ ਕੀਤਾ। ਪਹਿਲਾ ਸ਼ਬਦ "ਦੇਹੁ ਸੰਦੇ ਮਰੋ ਕਹੀਅਉ ਪ੍ਰਿਅ ਕਹੀਅਉ" ਪੜ੍ਹਿਆ ਤੇ ਫਿਰ "ਸਤਿਗੁਰੂ ਮੂਰਤ ਕਉ ਬਲਿ ਜਾਉ" ਸ਼ਬਦ ਪੜ੍ਹਿਆ।

**ਸ਼ਾਮ ਦੇ ਦੀਵਾਨਾਂ** ਦੀ ਸ਼ੁਰੂਆਤ ਜ. ਮਨਜੀਤ ਸਿੰਘ ਦਿੱਲੀ ਨੇ ਕੀਤੀ। ਸੂਬਾ ਸੰਦੀਪ ਸਿੰਘ ਨੇ ਹਰਨਾਮ ਸਿੰਘ ਤੇ ਮਾਈ ਚੰਦੋ ਦੇ ਸਤਿਗੁਰੂ ਰਾਮ ਸਿੰਘ ਦੇ ਦਰਸ਼ਨ ਕਰਨ ਜਾਣ ਤੇ ਉਹਨਾਂ ਦੇ ਵੈਰਾਗ ਦੀਆ ਸਾਖੀਆਂ ਸੰਗਤਾਂ ਨੂੰ ਸੁਣਾਈਆਂ। ਸੂਬਾ ਸੁਰਿੰਦਰ ਸਿੰਘ ਗੁਣਾ ਨੇ ਸਤਿਗੁਰੂ ਦੇ ਗੁਣਾਂ ਦਾ ਗੁਣਗਾਨ ਕੀਤਾ। ਜ. ਹਿੰਦਪਾਲ ਸਿੰਘ ਨੇ ਸਤਿਗੁਰੂ ਉਦੇ ਸਿੰਘ ਜੀ ਦੁਆਰਾ ਕੀਤੀ ਕ੍ਰਿਪਾ ਬਖਸ਼ਿਸ਼ ਦਾ ਬਿਆਨ ਕੀਤਾ।

**17-11-2025-** ਆਸਾ ਦੀ ਵਾਰ ਦਾ ਕੀਰਤਨ ਢੋਲਕੀ ਛੈਣਿਆ ਨਾਲ ਵਾਰੇ ਦੇ ਰੂਪ ਵਿਚ ਰਾਗੀ ਬਲਵੰਤ ਸਿੰਘ, ਕਿਰਪਾਲ ਸਿੰਘ, ਸ਼ਾਮ ਸਿੰਘ, ਸਰਮੁੱਖ ਸਿੰਘ, ਬਿਧੀ ਸਿੰਘ, ਗੰਗਾ ਸਿੰਘ, ਜਸਵੰਤ ਸਿੰਘ ਦੁਆਰਾ ਕੀਤਾ ਗਿਆ। ਆਸਾ ਦੀ ਵਾਰ ਤੋਂ ਬਾਅਦ ਰਾਜਿੰਦਰ ਕੌਰ ਪੰਨੂ ਨੇ ਕਵਿਤਾ ਸੁਣਾਈ। ਗੁਰਲਾਲ ਸਿੰਘ ਹੁਰਾਂ ਨੇ ਫਿਰ ਸੰਗਤਾਂ ਨੂੰ ਸੰਬੋਧਨ ਕੀਤਾ।

**ਦੁਪਹਿਰ ਦੇ ਦੀਵਾਨਾਂ** ਮਹੰਤ ਦਰਸ਼ਨ ਸਿੰਘ ਹੁਰਾਂ ਨੇ ਸਤਿਗੁਰੂ ਰਾਮ ਸਿੰਘ ਜੀ ਦੀਆਂ ਬਖਸ਼ਿਸ਼ਾਂ ਦਾ ਗੁਣਗਾਨ ਕੀਤਾ। ਰਾਗੀ ਮਨਜੀਤ ਸਿੰਘ ਦਿੱਲੀ ਵਾਲਿਆਂ ਨੇ "ਗੁਰ ਜੈਸਾ ਨਾ ਹੀ ਕਉ ਦੇਵ" ਟੇਕ ਲੈ ਕੇ ਸਤਿਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਝਾਤ ਮਾਰੀ। ਜ. ਸੁਰਜੀਤ ਸਿੰਘ ਮੁਸਤਫਾਪੁਰ ਨਾਮ ਦੀ ਮਹਿਮਾ ਬਾਰੇ ਸੰਗਤਾਂ ਨਾਲ ਸਾਂਝ ਪਾਈ। ਪੰਡਿਤ ਯਾਦਵਿੰਦਰ ਸਿੰਘ ਜੀ ਨੇ ਸੰਸਾਰ ਦੀ ਨਾਸ਼ਵਾਨਤਾ ਤੇ ਗੁਰੂ ਕਿਰਪਾ ਨਾਲ ਜੀਵਨ ਸਫਲ ਕਰਕੇ ਪਰਮ ਪਦ ਨੂੰ ਪ੍ਰਾਪਤ ਕਰਨ ਦੀ ਵਿਚਾਰਾਂ ਸਾਂਝੀਆਂ ਕੀਤੀਆਂ। ਨਿਤਨੇਮ ਵਿਚ ਸਤਿਗੁਰੂ ਜਗਜੀਤ ਸਿੰਘ ਦੇ ਪਵਿੱਤਰ ਉਪਦੇਸ਼ ਸੰਗਤ ਨੇ ਸਰਵਨ ਕੀਤੇ।

**ਪੁਸਤਕਾਂ ਰੀਲੀਜ਼-** ਬਲਬੀਰ ਸਿੰਘ ਢਿਲੋਂ ਦੀ ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਤੇ ਅਧਾਰਿਤ ਕਵਿਤਾਵਾਂ ਦੀ ਪੁਸਤਕ ਸਤਿਗੁਰੂ ਉਦੇ ਸਿੰਘ ਜੀ ਨੇ ਰੀਲੀਜ਼ ਕੀਤੀ। ਡਾ. ਸਤਵੰਤ ਕੌਰ ਮਠਾੜੂ ਦੀ "ਕੀਰਤੀ ਕਾਵਿ" ਨਾਮ ਦੀ ਕਵਿਤਾਵਾਂ ਦੀ ਕਿਤਾਬ, ਕਰਨੈਲ ਸਿੰਘ ਅਸਪਾਲ ਦੀ

ਪੁਸਤਕ 'ਪਾਤਸ਼ਾਹਾਂ ਦੇ ਸੰਗ ਪ੍ਰੀਤ' ਸਾਖੀਆਂ ਦੀ ਕਿਤਾਬ, ਰੀਲੀਜ ਹੋਈ ਡਾ. ਰਾਜਵੰਤ ਮਠਾੜੂ ਅਤੇ ਰਾਣਾ ਤੇਜਵੰਤ ਸਿੰਘ ਨੇ ਵਰਿਆਮ ਦਾ ਨਵਾਂ ਪਰਚਾ ਅਤੇ ਸੰਪਾਦਕ ਗੁਰਲਾਲ ਸਿੰਘ ਅਤੇ ਜ. ਨਿਸ਼ਾਨ ਸਿੰਘ ਹੁਰਾਂ ਸਤਿਜੁਗ ਦਾ ਨਵਾਂ ਪਰਚਾ ਅਤੇ ਸਰਵ ਸ਼ਕਤੀਮਾਨ ਹੁਰਾਂ ਨੇ ਵਰਤਮਾਨ ਹਿੰਦੂਸਤਾਨ ਦਾ ਪਰਚਾ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਭਾਗ ਦੀ ਪੋਥੀ ਸੰਤ ਨਿਸ਼ਾਨ ਸਿੰਘ ਜੀ ਤੇ ਸਵਰਨ ਸਿੰਘ ਵਿਰਕ ਹੁਰਾਂ ਨੇ ਸਤਿਗੁਰੂ ਜੀ ਨੂੰ ਭੇਂਟ ਕੀਤੀ ਤੇ ਸਤਿਗੁਰੂ ਜੀ ਨੇ ਰੀਲੀਜ਼ ਕਰਨ ਦੀ ਕਿਰਪਾ ਕੀਤੀ। ਲਖਵਿੰਦਰ ਸਿੰਘ ਬਾਜਵਾ ਦੀ ਬੱਚਿਆਂ ਦੀ ਕਵਿਤਾਵਾਂ ਦੀ ਕਿਤਾਬ ਰਿਲੀਜ਼ ਹੋਈ।

**ਵਿਸ਼ੇਸ਼ ਸਨਮਾਨ–** ਸ਼ਹੀਦ ਬਾਬਾ ਲਹਿਣਾ ਸਿੰਘ ਜੀ ਸਨਮਾਨ ਨਾਲ ਸੰਤ ਗੁਰੂਬਚਨ ਸਿੰਘ ਜੀ ਚੰਡੀਗੜ੍ਹ ਨੂੰ ਸਤਿਗੁਰੂ ਜੀ ਨੇ ਨਿਵਾਜਿਆ। ਸੇਵਾ ਸਨਮਾਨ- ਪ੍ਰਧਾਨ ਲਖਵੀਰ ਸਿੰਘ ਸਿਰਸਾ ਨੂੰ ਸ੍ਰੀ ਸਤਿਗੁਰੂ ਜੀ ਨੇ ਸੇਵਾ ਸਨਮਾਨ ਨਾਲ ਨਿਵਾਜਿਆ।

**ਕੂਕਾ ਲਹਿਰ ਦੇ ਅਮਰ ਨਾਇਕ ਭਾਗ–3–** ਸੁਵਰਨ ਸਿੰਘ ਵਿਰਕ ਜੀ ਦੁਆਰਾ ਲਿਖੇ ਨਾਮਧਾਰੀ ਸਿੱਖਾਂ, ਸਾਧਾਂ, ਨਾਇਕਾਂ ਦੀਆਂ ਜੀਵਨੀਆਂ ਦਾ ਸੰਗ੍ਰਹਿ 'ਕੂਕਾ ਲਹਿਰ ਦੇ ਅਮਰ ਨਾਇਕ ਭਾਗ-3' ਸਤਿਗੁਰੂ ਜੀ ਵਲੋਂ ਰੀਲੀਜ਼ ਕੀਤੀ ਗਈ। ਇਸ ਬਾਰੇ ਵਿਸਤਾਰ ਨਾਲ ਡਾ. ਸੁਮੇਲ ਸਿੰਘ ਸਿੱਧੂ ਨੇ ਸੰਗਤਾਂ ਨਾਲ ਸਾਂਝ ਪਾਈ।

**ਵਿਸ਼ੇਸ਼ ਪ੍ਰਾਹੁਣੇ–** ਅੱਸੂ ਦੇ ਮੇਲੇ ਤੇ ਵੱਖ-ਵੱਖ ਧਾਰਮਿਕ ਤੇ ਰਾਜਨਿਤਿਕ ਸਖ਼ਸ਼ੀਅਤਾਂ ਸ੍ਰੀ ਭੈਣੀ ਸਾਹਿਬ ਆ ਕੇ ਨਤਮਸਤਕ ਹੁੰਦੀਆਂ ਰਹੀਆਂ। ਅੱਜ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸੰਧਵਾਂ ਵੀ ਦਰਸ਼ਨ ਕਰਨ ਆਏ ਤੇ ਸੰਗਤ ਨੂੰ ਸੰਬੋਧਨ ਕੀਤਾ। ਅੱਜ ਦਾ ਕੀਰਤਨ ਨਾਮਧਾਰੀ ਕਲਾਂ ਕੇਂਦਰ ਦੇ ਬੱਚਿਆਂ ਨੇ ਕੀਤਾ। ਪਹਿਲਾਂ ਸ਼ਬਦ "ਸਖੀ ਨਾਲਿ ਵਸਾ ਅਪੁਨੇ ਨਾਹ ਪਿਆਰੇ" ਧਰਪਦ ਸ਼ੈਲੀ ਵਿਚ ਅਤੇ ਬਾਅਦ ਵਿਚ "ਡਗਮਗ ਛਾਡਿ ਰੇ ਮਨ ਬਉਰਾ" ਅਤੇ "ਚਰਨ ਸਰਨ ਗੋਪਾਲ ਤੇਰੀ" ਸ਼ਬਦ ਨਾਮ ਸਮਾਪਤੀ ਕੀਤੀ।

**ਸ਼ਾਮ ਦੇ ਦੀਵਾਨ–** ਸੂਬਾ ਸਾਧਾ ਸਿੰਘ ਜੀ ਮੰਡੀ ਵਾਲਿਆਂ ਨੇ "ਸਤਿਗੁਰ ਮੂਰਤਿ ਕਉ ਬਲਿ ਜਾਉ" ਸ਼ਬਦ ਦੀ ਟੇਕ ਲੈ ਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀਆ ਸਾਖੀਆਂ ਦੀ ਸੰਗਤਾਂ ਨਾਲ ਸਾਂਝ ਪਾਈ। ਜਥੇਦਾਰ ਗੁਰਬਚਨ ਸਿੰਘ ਜੀ ਨੇ ਪੁਰਾਤਨ ਹੱਲੇ ਦੀ ਸ਼ੈਲੀ ਨਾਲ ਸਤਿਗੁਰੂ ਤੇਗ ਬਹਾਦਰ ਜੀ ਦਾ ਜੱਸ ਗਾਇਨ ਕੀਤਾ।

**ਕਵੀ ਦਰਬਾਰ–** ਇਸ ਵਾਰ ਦਾ ਕਵੀ ਦਰਬਾਰ ਸਤਿਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਕੀਤਾ ਗਿਆ। ਕਵੀਆਂ ਨੇ ਸਤਿਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਪ੍ਰਣਾਮ ਕੀਤਾ। ਸਟੇਜ ਸਕੱਤਰਤਾ ਤੇ ਪ੍ਰਧਾਨਗੀ ਸੰਤ ਨਿਸ਼ਾਨ ਸਿੰਘ ਜੀ ਨਾਲ ਸੂਬਾ ਬਲਵਿੰਦਰ ਸਿੰਘ ਝੱਲ, ਪ੍ਰਧਾਨ ਗੁਰਸੇਵਕ ਸਿੰਘ ਅਤੇ ਪ੍ਰਧਾਨ ਲਖਵਿੰਦਰ ਸਿੰਘ ਬਾਜਵਾ ਕੀਤੀ।

**18-11-2025–** ਆਸਾ ਦੀ ਵਾਰ ਦਾ ਕੀਰਤਨ ਰਾਗੀ ਹਰਬੰਸ ਸਿੰਘ ਘੁੱਲਾ, ਕਿਰਪਾਲ ਸਿੰਘ, ਡਾ. ਹਰਵਿੰਦਰ ਸਿੰਘ, ਇਕਬਾਲ ਸਿੰਘ, ਹਰਪ੍ਰੀਤ ਸਿੰਘ ਸੋਨੂੰ, ਸੰਤਾ ਸਿੰਘ, ਸਰਮੁੱਖ ਸਿੰਘ ਦੇ ਜਥੇ ਨੇ ਕੀਤਾ। ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਸ. ਸੁਵਰਨ ਸਿੰਘ ਵਿਰਕ ਸੰਗਤਾਂ ਨੂੰ ਸੰਬੋਧਨ ਹੋਏ।

**ਦੁਪਹਿਰ ਦੇ ਦੀਵਾਨ–** ਦੀਵਾਨਾਂ ਦੀ ਸ਼ੁਰੂਆਤ ਗੁਰਤੇਜ ਸਿੰਘ ਮੁਹਾਵਾ ਨੇ ਕੀਤੀ। ਜ. ਦਵਿੰਦਰ ਸਿੰਘ ਕੁਹਾਲੀ ਹੁਰਾਂ ਨੇ ਸਤਿਗੁਰੂ ਤੇਗ ਬਹਾਦਰ ਜੀ ਦੇ ਸੰਗਤਾਂ ਤੇ ਕੀਤੇ ਪਰਉਪਕਾਰਾਂ ਦਾ ਗੁਣਗਾਨ ਕੀਤਾ। ਕਵੀਸ਼ਰ ਜੋਗਾ ਸਿੰਘ ਦੇ ਜਥੇ ਨੇ ਸਤਿਗੁਰੂ ਹਰੀ ਸਿੰਘ ਜੀ ਵਲੋਂ ਕਾਲ ਪੀੜਤਾਂ ਦੀ ਸਾਂਤ ਸੰਭਾਲ ਦਾ ਪ੍ਰਸੰਗ ਕਵਿਤਾ ਰੂਪ ਵਿਚ ਸੁਣਾਇਆ। ਕਵੀਸ਼ਰ ਗੁਰਸੇਵਕ ਸਿੰਘ ਦੇ ਜੱਥੇ ਨੇ ਧਰਮ ਰੱਖਿਆ ਲਈ ਸਤਿਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਦਾ ਪ੍ਰਸੰਗ ਸੁਣਾਇਆ। ਜ. ਗੁਰਲਾਲ ਸਿੰਘ ਸ੍ਰੀ ਭੈਣੀ ਸਾਹਿਬ ਨੇ "ਸਾਧੋ ਮਨ ਕਾ ਮਾਨ ਤਿਆਗੋ" ਸ਼ਬਦ ਦੀ ਟੇਕ ਲੈ ਕੇ ਸੰਸਾਰ ਦੀ ਨਾਸ਼ਵਾਨਤਾ ਨੂੰ ਅਤੇ ਸੁੱਖ ਅਤੇ ਦੁੱਖ ਨੂੰ ਬਰਾਬਰ ਸਮਝ ਕੇ ਭਵਸਾਗ ਤੋਂ ਪਾਰ ਹੋਣ ਬਾਰੇ ਸੰਗਤ ਨਾਲ ਵਿਚਾਰਾਂ ਕੀਤੀਆਂ। ਸੰਤ ਨਿਸ਼ਾਨ ਸਿੰਘ ਹੁਰਾਂ ਨੇ ਸਤਿਗੁਰੂ ਤੇਗ ਬਹਾਦਰ ਦੀ ਸ਼ਹਾਦਤ ਦਾ ਵੇਲਾ, ਸਿੱਖਾਂ ਦੀ ਸ਼ਹਾਦਤ, ਗੁਰੂ ਕਿਰਪਾ ਅਤੇ ਖਾਲਸੇ ਦੇ ਵਿਸਤਾਰ ਬਾਰੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ।

**ਵਿਸ਼ੇਸ਼ ਪ੍ਰਾਹੁਣੇ–** ਅੱਜ ਦੇ ਦਿਨ ਕਾਂਗਰਸੀ ਸਾਬਕਾ ਐਮ.ਐਲ.ਏ. ਨਵਤੇਜ ਚੀਮਾ, ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਸਤਿਗੁਰੂ ਜੀ ਦੇ ਚਰਨ ਪਰਸਨ ਆਏ। ਨਿਤਨੇਮ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਪਵਿੱਤਰ ਉਪਦੇਸ਼ ਸਰਵਨ ਕੀਤਾ। ਕੀਰਤਨ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ, ਹਰਨਾਮ ਸਿੰਘ, ਕਿਰਪਾਲ ਸਿੰਘ, ਬਸੰਤ ਸਿੰਘ ਦੇ ਜਥੇ ਵਲੋਂ ਕੀਤਾ ਗਿਆ। ਧਰੁਪਦ ਰੂਪ ਵਿਚ ਸ਼ਬਦ "ਭਗਤ

ਵਿਛਲ ਸੁਨਿ ਹੋਤ ਹੋ ਨਿਰਾਸ ਰਿਦੈ' ਦਾ ਗਾਇਨ ਕੀਤਾ ਅਤੇ ਬਾਅਦ ਵਿਚ "ਸਜਣੁ ਤੂਹੈ ਸੈਣੁ ਤੂ" ਸ਼ਬਦ ਨਾਲ ਸਮਾਪਤੀ ਕੀਤੀ।

**ਸ਼ਾਮ ਦੇ ਦੀਵਾਨ–** ਸ਼ਾਮ ਦੇ ਦੀਵਾਨਾਂ ਦੀ ਸ਼ੁਰੂਆਤ ਜ. ਹਰਪ੍ਰੀਤ ਸਿੰਘ ਪਾਣੀਪਤ ਨੇ ਕੀਤੀ। ਕਵੀਸ਼ਰ ਦਿਲਬਾਗ ਸਿੰਘ ਵਲਟੋਹੇ ਵਾਲਿਆਂ ਦੇ ਜੱਥੇ ਨੇ ਮੱਖਣ ਸ਼ਾਹ ਲੁਬਾਣੇ ਦੇ ਪ੍ਰਸੰਗ ਕਵਿਤਾ ਰੂਪ ਵਿਚ ਸੁਣਾਇਆ। ਜ. ਕਮਾਲ ਸਿੰਘ ਹੁਰਾਂ ਨੇ "ਸਰਬ ਸੁੱਖਾਂ ਕਾ ਦਾਤਾ ਸਤਿਗੁਰੂ" ਸ਼ਬਦ ਟੇਕ ਲਈ ਤੇ ਸਤਿਗੁਰੂ ਜੀ ਕਿਵੇਂ ਕਿਰਪਾ ਕਰਕੇ ਸਿੱਖਾਂ ਦੇ ਦੁੱਖ ਤੇ ਸ਼ੰਕੇ ਦੂਰ ਕਰਕੇ ਸੁਖ ਬਖਸ਼ਦੇ ਹਨ ਸਾਰੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਜ. ਜਸਵਿੰਦਰ ਸਿੰਘ ਭਿੰਡਰ ਹੁਰਾਂ ਨੇ ਸਤਿਗੁਰੂ ਜੀ ਦੀਆਂ ਬਖਸ਼ਿਸ਼ਾਂ ਦੀਆਂ ਸਾਖੀਆਂ ਸੰਗਤਾਂ ਨਾਲ ਸਾਂਝੀਆਂ ਕੀਤੀਆਂ। ਕਵੀ ਮੱਖਣ ਸਿੰਘ ਮੱਲਕੇ ਨੇ 52 ਰਾਜਿਆਂ ਨੂੰ ਗਵਾਲਿਅਰ ਦੇ ਕਿਲੇ ਵਿਚੋਂ ਛੁਡਾਉਣ ਦਾ ਪ੍ਰਸੰਗ ਕਵਿਤਾ ਰੂਪ ਵਿਚ ਸੁਣਾਇਆ। ਜ. ਗੁਰਚਰਨ ਸਿੰਘ ਚੰਨ ਮੁਹਾਵਾ ਵਾਲਿਆ ਨੇ "ਵਿਚ ਦੁਨੀਆ ਸੇਵ ਕਮਾਈਐ" ਟੇਕ ਲੈ ਕੇ ਸੇਵਾ ਕਰਕੇ ਪਰਮ ਪਦ ਪ੍ਰਾਪਤ ਕਰਨ ਵਾਲੇ ਸਾਧਾਂ ਦੇ ਜੀਵਨ ਦਾ ਵਰਨਣ ਕੀਤਾ। ਗੁਰੂ ਅਮਰਦਾਸ ਜੀ ਦੀ ਸਖ਼ਤ ਸੇਵਾ ਕਮਾਈ ਦਾ ਪ੍ਰਸੰਗ ਸੁਣਾਇਆ। ਜ. ਜਸਬੀਰ ਸਿੰਘ ਖਿਆਲਾ, ਜ. ਵੀਰ ਸਿੰਘ ਸ਼ਹਿਜ਼ਾਦਾ ਅਤੇ ਸੁਰਿੰਦਰ ਸਿੰਘ ਕੱਕੜ ਹੁਰਾਂ ਨੇ ਹੱਲੇ ਦੇ ਦੀਵਾਨਾਂ ਨਾਲ ਸੰਗਤਾਂ ਨੂੰ ਜੋੜੀ ਰੱਖਿਆ। ਮਹੰਤ ਸਰਬਜੀਤ ਸਿੰਘ ਹੁਰਾਂ ਨੇ ਸਾਰੇ ਮੇਲੇ ਦੌਰਾਨ ਸਟੇਜ ਸਕੱਤਰ ਦੀ ਸੇਵਾ ਨਿਭਾਈ।

**19–11–2025–** ਆਸਾ ਦੀ ਵਾਰ ਦਾ ਕੀਰਤਨ ਰਾਗੀ ਬਲਵੰਤ ਸਿੰਘ, ਹਰਨਾਮ ਸਿੰਘ, ਸਰਮੁੱਖ ਸਿੰਘ, ਹਰਪ੍ਰੀਤ ਸਿੰਘ, ਕਿਰਪਾਲ ਸਿੰਘ, ਸਤਨਾਮ ਸਿੰਘ ਹੁਰਾਂ ਦੇ ਜਥੇ ਨੇ ਕੀਤਾ।

ਸਤਿਗੁਰੂ ਜੀ ਪਵਿੱਤਰ ਉਪਦੇਸ਼ ਸੰਗਤ ਦੇ ਕਲਿਆਣ ਲਈ ਦਿੱਤਾ।

ਉਪਰੰਤ 6 ਅਨੰਦ ਕਾਰਜ ਸਪੰਨ ਹੋਏ। 530 ਪਾਠ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੇ ਅਤੇ 22 ਪਾਠ ਸ੍ਰੀ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਏ ਗਏ।

**ਮੇਲੇ ਦੀ ਸੇਵਾ–** ਸੰਪੂਰਨ ਅੱਸੂ ਦੇ ਮੇਲੇ ਦੀ ਸੇਵਾ ਸੰਤ ਜੋਧ ਸਿੰਘ ਡਾਲਟਨਗੰਜ ਦੇ ਪਰਿਵਾਰ ਵਲੋਂ ਕੀਤੀ ਗਈ।

**ਮੈਡੀਕਲ ਕੈਂਪ–** ਮੇਲੇ ਦੌਰਾਨ ਅੱਖਾਂ ਦੇ ਚੈਕਅੱਪ ਦਾ ਫਰੀ ਕੈਂਪ ਲੱਗਾ। ਮੇਲੇ ਵਾਲੇ ਪਰਿਵਾਰ ਵਲੋਂ 100 ਸਰੀਰਾਂ ਦੇ ਅੱਖਾਂ ਦੇ ਓਪਰੇਸ਼ਨ ਵੀ ਕਰਵਾਇਆ ਜਾਣਾ ਹੈ।

**ਕਿਤਾਬਾਂ ਦੇ ਸਟਾਲ–** ਧਾਰਮਿਕ ਅਤੇ ਸਾਹਿਤਕ ਕਿਤਾਬਾਂ ਲਈ ਮੇਲੇ ਦੌਰਾਨ ਸਤਿਜੁਗ ਦਾ ਵਿਸ਼ੇਸ਼ ਸਟਾਲ ਲੱਗਾ ਵਰਿਆਮ ਅਤੇ ਵਰਤਮਾਨ ਹਿੰਦੁਸਤਾਨ ਦੇ ਸਟਾਲ ਵੀ ਲੱਗੇ।

**ਛਬੀਲ ਦੀ ਸੇਵਾ–** ਠੰਡੇ ਮਿੱਠੇ ਪਾਣੀ ਦੀ ਛਬੀਲ ਪ੍ਰਣਾਮ ਸ਼ਹੀਦਾਂ ਨੂੰ ਗਰੁੱਪ ਵਲੋਂ ਲਗਾਈ ਗਈ।

**ਸਿਕਓਰਟੀ–** ਸਿਕਓਰਟੀ ਦੀ ਸੇਵਾ ਸ੍ਰੀ ਭੈਣੀ ਸਾਹਿਬ ਦੇ ਨੌਜਵਾਨਾਂ ਨੇ ਨਿਭਾਈ।

**ਜੋੜਾ ਘਰ–** ਜੋੜਾ ਘਰ ਵਿਚ ਹਰ ਸਾਲ ਦੀ ਤਰ੍ਹਾਂ ਦਿੱਲੀ ਦੀ ਸੰਗਤ ਦਾ ਜਥਾ ਤੱਤਪਰ ਸੀ। ਬਿਜਲੀ, ਡੇਰੇ ਆਦਿ ਸੇਵਾਵਾਂ ਸੇਵਾਦਾਰ ਕਰਦੇ ਰਹੇ।

**ਲੰਗਰ ਸੇਵਾ–** ਮਾਤਾ ਗੁਰਸ਼ਰਨ ਕੌਰ ਜੀ ਦੀ ਅਗਵਾਈ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਦਾ ਰਿਹਾ।

**ਸੰਪਾਦਕ**

.......................................................

## ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਰਾਹਤ ਸਮੱਗਰੀ ਅਤੇ ਵਿੱਤੀ ਸਹਾਇਤਾ

**14 ਅਕਤੂਬਰ 2025–** ਪਿਛਲੇ ਦਿਨੀਂ ਪੰਜਾਬ ਅੰਦਰ ਹੜ੍ਹਾਂ ਕਾਰਨ ਜਨ-ਜੀਵਨ ਬੁਰੀ ਤਰ੍ਹਾਂ ਅਸਤ ਵਿਅਸਤ ਹੋਇਆ। ਇਨ੍ਹਾਂ ਹੜ੍ਹਾਂ ਦੀ ਮਾਰ ਸਰਹੱਦੀ ਖੇਤਰਾਂ ਨੂੰ ਬਹੁਤੀ ਝਲਣੀ ਪਈ। ਸ੍ਰੀ ਸਤਿਗੁਰੂ ਜੀ ਨੇ ਹੜ੍ਹਾ ਦੌਰਾਨ ਸੁਲਤਾਨ ਪੁਰ ਲੋਧੀ ਦਾ ਦੌਰਾ ਕੀਤਾ ਸੀ। ਹੁਣ ਜਦੋਂ ਪਾਣੀ ਉਤਰ ਗਿਆ। ਕਿਸਾਨ ਦੂਜੀ ਹਾੜ੍ਹੀ (ਰਬੀ) ਦੀ ਫਸਲ ਬੀਜਣ ਲਈ ਤਿਆਰ ਹਨ ਤਾਂ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਬਹੁਤਾਤ ਦੇ ਪਿੰਡਾਂ ਵਿਚ ਦੌਰਾ ਕੀਤਾ। ਇਸ ਦੌਰੇ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੇ ਹੁਕਮ ਕਰ ਨਵੀਂ ਫਸਲ ਲਈ ਖਾਦ ਦਾ ਪ੍ਰਬੰਧ ਕਰਵਾਇਆ। ਗੁਰਦੇਵ ਸਿੰਘ ਜਾਲਖੇੜੀ ਅਤੇ ਗੁਰਭੇਜ ਸਿੰਘ ਤਰਨ ਤਾਰਨ ਦੀ ਭੱਜ ਦੌੜ ਨਾਲ ਇਕ ਹਜ਼ਾਰ ਥੈਲਾ ਖਾਦ ਦਾ ਪਹਿਲਾਂ ਹੀ ਸਟੋਰ ਕੀਤਾ ਗਿਆ ਨਾਲ ਹੀ ਪਸ਼ੂਆਂ ਦਾ ਚਾਰਾ ਵੱਡੀ ਮਾਤਰਾ ਵਿਚ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਵੰਡਿਆ ਗਿਆ।

ਸ੍ਰੀ ਸਤਿਗੁਰੂ ਜੀ ਦਾ 14 ਅਕਤੂਬਰ ਨੂੰ ਸਵੇਰੇ ਆਸਾ ਦੀ ਵਾਰ ਤੋਂ ਬਾਅਦ ਸ੍ਰੀ ਭੈਣੀ ਸਾਹਿਬ ਤੋਂ ਚੱਲ ਸਾਢੇ ਦੱਸ ਵਜੇ ਕੱਕੜ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਪਹੁੰਚੇ। ਆਪ ਦੇ ਦਰਸ਼ਨਾਂ ਲਈ ਪਿੰਡ ਦੇ ਗੁਰਦੁਆਰੇ ਨਗਰ ਨਿਵਾਸੀ ਇਕੱਠੇ ਹੋਏ ਸਨ। ਆਪ ਨੇ ਹੁਕਮ ਕੀਤਾ ਜਿਸ ਨੂੰ ਵੀ ਜੋ ਲੋੜ ਹੈ ਉਹ ਪ੍ਰਬੰਧਕਾਂ ਨੂੰ ਦੱਸ ਦੇਵੇ ਜੇ ਕਿਸੇ ਦੀ ਜਮੀਨ ਬਨਣ ਵਾਲੀ ਹੈ ਜਾਂ ਡੀਜਲ, ਖਾਦ, ਬੀਜ ਜੋ ਵੀ ਹੋ ਸਕਿਆ ਪ੍ਰਬੰਧ ਕੀਤਾ ਜਾਵੇਗਾ। ਜੇ ਕਿਸੇ ਦੇ ਘਰ ਦਾ ਮੀਹਾਂ ਜਾਂ ਹੜ੍ਹਾਂ ਕਾਰਨ ਨੁਕਸਾਨ ਹੋਇਆ ਹੈ ਉਸ ਦੀ ਉਸਾਰੀ ਲਈ ਵੀ ਪ੍ਰਬੰਧ ਹੋਵੇਗਾ। ਨਗਰ ਨਿਵਾਸੀਆਂ ਨੇ ਸਤਿਗੁਰੂ ਜੀ ਦਾ ਧੰਨਵਾਦ ਕੀਤਾ। ਨਵੇਂ ਬੀਜਾਂ ਵਾਸਤੇ ਗੁਰਭੇਜ ਸਿੰਘ ਤਰਨ ਤਾਰਨ ਨੂੰ ਕਿਹਾ "ਪਤਾ ਕਰਲੈ ਜਿਨ੍ਹਾਂ ਬੀਜ ਚਾਹੀਦਾ ਹੈ ਹਰੀਆਣੇ ਤੋਂ ਮੰਗਵਾ ਦਿੰਦੇ ਹਾਂ।" ਇਥੋਂ ਚੱਲ ਸ੍ਰੀ ਸਤਿਗੁਰੂ ਜੀ ਨੇ ਰਿਆੜ ਪਿੰਡ ਦੇ ਬਚਿੱਤਰ ਸਿੰਘ ਦੇ ਘਰ ਚਰਨ ਪਾਏ। ਪਰਮਜੀਤ ਸਿੰਘ ਦੀ ਕੁਲਫੀ ਫੈਕਟਰੀ ਵਿਚ ਚਰਨ ਪਾਏ। ਨਵੀਂ ਮਸ਼ੀਨ ਨੂੰ ਹਸਤ ਕਮਲਾਂ ਨਾਲ ਚਲਾ ਉਦਘਾਟਨ ਕੀਤਾ।

ਇਥੋਂ ਹੀ ਸਤਿਗੁਰੂ ਜੀ ਗੱਗੋਮਾਹਲ ਪਿੰਡ ਪਹੁੰਚੇ ਇਸ ਪਿੰਡ ਵਿਚ ਵੀ ਹੜ੍ਹਾਂ ਨਾਲ ਬਹੁਤ ਨੁਕਸਾਨ ਨਾਮਧਾਰੀ ਪਰਿਵਾਰਾਂ ਦਾ ਹੋਇਆ ਹੈ। ਸ੍ਰੀ ਸਤਿਗੁਰੂ ਜੀ ਨੇ ਰਣਜੀਤ ਸਿੰਘ, ਨਵਦੀਪ ਸਿੰਘ, ਕੁਲਜੀਤ ਸਿੰਘ, ਹਰਮੀਤ ਸਿੰਘ ਸਿੱਖਾਂ ਦੇ ਘਰ ਚਰਨ ਪਾਏ। ਵਿੱਤੀ ਸਹਾਇਤਾ ਵੀ ਚੈਕਾਂ ਦੇ ਰੂਪ ਵਿਚ ਬਖ਼ਸ਼ਿਸ਼ ਕੀਤੀ। ਇਥੋਂ ਸਤਿਗੁਰੂ ਜੀ ਦਾ ਕਾਫਲਾ ਸਜਾਦੇ ਪਿੰਡ ਪਹੁੰਚਿਆ। ਬਾਬਾ ਲਹਿਣਾ ਸਿੰਘ ਦੇ ਗੁਰਦੁਆਰੇ ਸ੍ਰੀ ਸਤਿਗੁਰੂ ਜੀ ਨੇ ਬੈਠ ਆਈਆਂ ਹੋਈਆਂ ਸੰਗਤਾਂ ਦੀਆਂ ਅਰਜਾਂ ਸੁਣੀਆਂ। ਇਹ ਪਿੰਡ ਵੀ ਰਾਵੀ ਦਰਿਆ ਦੀ ਮਾਰ ਥੱਲੇ ਆ ਗਿਆ ਸੀ ਫਸਲਾਂ ਬੁਰੀ ਤਰ੍ਹਾਂ ਬਰਬਾਦ ਹੋ ਚੁੱਕੀਆਂ ਸਨ। ਸਾਰਾ ਇਲਾਕਾ ਹੜ੍ਹ ਨੇ ਖਤਮ ਕਰ ਦਿੱਤਾ ਸੀ। ਸ੍ਰੀ ਸਤਿਗੁਰੂ ਜੀ ਨੇ ਰਾਵੀ ਦੇ ਕੰਢੇ ਤੇ ਗਏ ਸਭ ਪਾਸੇ ਕਾਲੀ ਪਰਾਲੀ ਸੀ, ਕਈ ਖੇਤਾਂ ਵਿਚ ਵੱਡੇ-ਵੱਡੇ ਖੱਡੇ ਪਾਣੀ ਦੇ ਜੋਰ ਕਾਰਨ ਬਣ ਗਏ ਸਨ। ਰਾਵੀ ਦੇ ਨਾਲ ਲਗਦੀਆਂ ਜਮੀਨਾ ਵਿਚ ਭੱਲ ਪਈ ਸੀ। ਜਿਸ ਵਿਚ ਟ੍ਰੈਕਟਰ ਵੀ ਨਹੀਂ ਚੱਲ ਸਕਦਾ ਸੀ।

ਸ੍ਰੀ ਸਤਿਗੁਰੂ ਜੀ ਇਥੋਂ ਘਣੀਏ ਬੇਟ ਪਿੰਡ ਪਹੁੰਚੇ। ਭਗਵਾਨ ਸਿੰਘ, ਬਲਵਿੰਦਰ ਸਿੰਘ, ਸਰਪੰਚ ਸਰਬਜੀਤ ਸਿੰਘ ਦੇ ਘਰ ਚਰਨ ਪਾਏ। ਠੇਠਰਕਾ ਨਿੱਕਾ ਪਿੰਡ ਵਿਚ ਜਗਤਾਰ ਸਿੰਘ, ਹਰਦੇਵ ਸਿੰਘ ਆਰੇਵਾਲੇ ਦੇ ਘਰ ਚਰਨ ਪਾਏ। ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਲੋੜਵੰਦ ਪਰਿਵਾਰਾਂ ਨੂੰ ਚੈੱਕਾਂ ਰਾਂਹੀ ਨਿੱਜੀ ਸੇਵਕ ਆਸਾ ਸਿੰਘ ਅਤੇ ਕਰਤਾਰ ਸਿੰਘ ਮਾਇਆ ਦੇ ਰਹੇ ਸਨ। ਜਿਨ੍ਹਾਂ ਸਿੱਖਾਂ ਦੇ ਮਕਾਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਸਨ ਉਹਨਾਂ ਦੇ ਨਵੇਂ ਮਕਾਨ ਬਨਾਉਣ ਦਾ ਹੁਕਮ ਵੀ ਸਤਿਗੁਰੂ ਜੀ ਨੇ ਪ੍ਰਬੰਧਕਾਂ ਨੂੰ ਕੀਤਾ।

ਇਸ ਦੌਰੇ ਵਿਚ ਸ੍ਰੀ ਸਤਿਗੁਰੂ ਜੀ ਨਾਲ ਜੈ ਸਿੰਘ, ਮਾਨਵ, ਯੁਵਰਾਜ, ਕੰਵਲਜੀਤ ਕੌਰ ਬੈਂਕੌਕ, ਸੂਬਾ ਸਤਨਾਮ ਸਿੰਘ, ਗੁਰਭੇਜ ਸਿੰਘ, ਸੂਬਾ ਅਮਰੀਕ ਸਿੰਘ, ਰਵਿੰਦਰ ਸਿੰਘ ਜੋਹਲ, ਸੂਬਾ ਅਜੀਤ ਸਿੰਘ, ਸੂਬਾ ਬਲਵਿੰਦਰ ਸਿੰਘ ਚੱਕਯਕੂਬ, ਗੁਰਲਾਲ ਸਿੰਘ ਆਦਿ ਸਿੱਖ ਸਨ। ਠੇਠਰਕੇ ਵੱਡੇ ਵਿਚ ਸ੍ਰੀ ਸਤਿਗੁਰੂ ਜੀ ਦਿਲਬਾਗ ਸਿੰਘ ਆਰੇਵਾਲੇ ਦੇ ਘਰ ਚਰਨ ਪਾਏ ਉਪਰੰਤ ਗੁਰਦੇਵ ਸਿੰਘ, ਭਜਨ ਸਿੰਘ ਦੇ ਘਰ ਕਿਰਪਾ ਕੀਤੀ। ਇਥੋਂ ਗੱਡੀਆਂ ਡੇਰਾ ਬਾਬਾ ਨਾਨਕ ਸ. ਜਗਮੋਹਨ ਸਿੰਘ ਦੇ ਘਰ ਪਹੁੰਚੀਆਂ। ਜਿਥੇ ਵੱਡੀ ਗਿਣਤੀ ਵਿਚ ਸੰਗਤ ਜੁੜੀ ਸੀ। ਸੰਗਤ ਨੂੰ ਦਰਸ਼ਨ ਦੇ ਗੱਡੀਆਂ ਸ਼ਹਿਰ ਤੋਂ ਬਾਹਰ ਨਿਕਲੀਆਂ। ਸੜਕ 'ਤੇ ਸਵਰਗਵਾਸੀ ਸੰਤ ਗੋਪਾਲ ਸਿੰਘ ਦੇ ਘਰ ਚਰਨ ਪਾਏ ਘਰ ਦੀ ਹਾਲਤ ਬਹੁਤ ਨਾਜੁਕ ਸੀ। ਇਕ ਲੜਕੀ ਕਮਾਉਣ ਵਾਲੀ ਸੀ ਜਿਸ ਨਾਲ ਘਰ ਦਾ ਗੁਜਾਰਾ ਚਲ ਰਿਹਾ ਸੀ। ਸਤਿਗੁਰੂ ਜੀ ਪ੍ਰਬੰਧਕਾਂ ਨੂੰ ਘਰ ਬਨਾਉਣ ਅਤੇ ਹਰ ਮਹੀਨੇ ਮਾਇਆ ਦੇਣ ਦਾ ਹੁਕਮ ਕੀਤਾ। ਸਾਰਾ ਪਰਿਵਾਰ ਸਤਿਗੁਰੂ ਜੀ ਪ੍ਰਤੀ ਅਤਿ ਧੰਨਵਾਦੀ ਹੋਇਆ ਖੜਾ ਸੀ। ਇਥੋਂ ਚੌੜੇ ਪਿੰਡ ਪਹੁੰਚੇ ਪ੍ਰੀਤਮ ਸਿੰਘ ਦੇ ਘਰ ਚਰਨ ਪਾਏ।

ਇਥੋਂ ਹੀ ਪਿੰਡ ਤਲਵੰਡੀ ਗੁਰਾਇਆ ਜਗਦੀਪ ਸਿੰਘ ਦੇ ਘਰ ਚਰਨ ਪਾਏ। ਉਪਰੰਤ ਸਵਰਗਵਾਸੀ ਸੰਤ ਸੁਖਦੇਵ ਸਿੰਘ ਦੇ ਘਰ ਚਰਨ ਪਾਏ। ਇਥੋਂ ਪਿੰਡ ਕਾਦੀਆਂ ਗੁਜਰਾਂ ਸੁਖਦੇਵ ਸਿੰਘ ਦੇ ਘਰ ਚਰਨ ਪਾਏ ਉਪਰੰਤ ਪਿੰਡ ਭਗਠਾਨਾਂ ਬੋਹੜਵਾਲਾ ਗੋਪਾਲ ਸਿੰਘ ਸਪੁੱਤਰ ਤਰਲੋਕ ਸਿੰਘ ਘਰ ਚਰਨ ਪਾ ਸੰਗਤ ਨੂੰ ਨਿਹਾਲ ਕੀਤਾ। ਬਗਠਾਨਾਂ ਤੁਲੀਆਂਵਾਲਾ ਲਖਵੀਰ ਸਿੰਘ, ਕਸ਼ਮੀਰ ਸਿੰਘ ਘਰ ਦਰਸ਼ਨ ਦਿੱਤੇ। ਡੇਰੀਵਾਲ ਕਿਰਨ, ਵੈਦ ਨਿਰਮਲ ਸਿੰਘ ਦੇ ਨਵੇਂ ਮਕਾਨ ਵਿਚ ਚਰਨ ਪਾਏ। ਉਪਰੰਤ ਆਦੀਆਂ ਝਿਰਮਲ ਸਿੰਘ ਮੱਲੀ ਦੇ ਘਰ ਦਰਸ਼ਨ ਦਿੱਤੇ। ਇਥੋਂ ਹੀ ਇਹ ਦੌਰਾ ਖ਼ਤਮ ਹੋਇਆ। ਸਤਿਗੁਰੂ ਜੀ ਰਾਤ 9 ਵਜੇ ਵਾਪਸ ਸ੍ਰੀ ਭੈਣੀ ਸਾਹਿਬ ਪਹੁੰਚੇ।

**ਸੰਪਾਦਕ**

.........................................................

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ:
# ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਨਿਆਂ ਲਈ ਡਟਣ ਦਾ ਸੱਦਾ

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ 350ਵੇਂ ਵਰ੍ਹੇ ਨੂੰ ਸਮਰਪਿਤ ਦੋ-ਰੋਜ਼ਾ ਰਾਸ਼ਟਰੀ ਸੈਮੀਨਾਰ ਅਤੇ ਕਵੀ ਦਰਬਾਰ 4-5 ਅਕਤੂਬਰ 2025 ਨੂੰ ਸਰਕਾਰੀ ਨੈਸ਼ਨਲ ਕਾਲਜ, ਸਿਰਸਾ ਵਿਖੇ ਕਰਵਾਇਆ ਗਿਆ। ਇਸ ਸੈਮੀਨਾਰ ਨੇ ਗੁਰੂ ਤੇਗ ਬਹਾਦਰ ਜੀ ਦੇ ਸ਼ਬਦ ਅਤੇ ਸ਼ਹਾਦਤ ਨੂੰ ਨਾ ਸਿਰਫ਼ ਇਤਿਹਾਸਕ ਨਜ਼ਰੀਏ ਤੋਂ ਪਰਖਿਆ, ਸਗੋਂ ਅਜੋਕੇ ਵਿਸ਼ਵੀਕਰਨ ਅਤੇ ਸਮਾਜਿਕ ਚੁਣੌਤੀਆਂ ਵਾਲੇ ਦੌਰ ਵਿੱਚ ਉਹਨਾਂ ਦੀ ਪ੍ਰਸੰਗਿਕਤਾ ਨੂੰ ਵੀ ਡੂੰਘਾਈ ਨਾਲ ਉਜਾਗਰ ਕੀਤਾ। ਇਹ ਸੈਮੀਨਾਰ, ਜੋ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਪੰਜਾਬੀ ਲੇਖਕ ਸਭਾ, ਸਿਰਸਾ ਅਤੇ ਪੰਜਾਬੀ ਵਿਭਾਗ, ਸਰਕਾਰੀ ਨੈਸ਼ਨਲ ਕਾਲਜ ਸਿਰਸਾ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ, ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਮਨੁੱਖੀ ਆਜ਼ਾਦੀ, ਸਮਾਨਤਾ, ਅਤੇ ਸਮਾਜਿਕ ਨਿਆਂ ਦੀ ਲੜਾਈ ਵਿੱਚ ਇੱਕ ਵਿਸ਼ਵ-ਵਿਆਪੀ ਪ੍ਰਤੀਕ ਵਜੋਂ ਪੇਸ਼ ਕਰਨ ਵਿਚ ਸਫਲ ਰਿਹਾ। ਇਸ ਸੈਮੀਨਾਰ ਦੇ ਮੁੱਖ ਸੁਰ ਭਾਸ਼ਣ ਅਤੇ ਦੋ ਦਿਨ ਹੋਏ ਛੇ ਸੈਸ਼ਨਾਂ ਦੇ ਬੁਲਾਰਿਆਂ ਦੇ ਤੱਥ ਭਰਪੂਰ ਪਰਚਿਆਂ ਨੇ ਸਰੋਤਿਆਂ ਨੂੰ ਇੱਕ ਨਵੀਂ ਚੇਤਨਾ ਨਾਲ ਭਰ ਕੇ, ਸਮਾਜ ਵਿੱਚ ਸਕਾਰਾਤਮਕ ਤਬਦੀਲੀ ਲਈ ਪ੍ਰੇਰਿਤ ਕੀਤਾ।

ਸੈਮੀਨਾਰ ਨੂੰ ਆਯੋਜਿਤ ਕਰਨ ਵਿਚ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੀ ਭੂਮਿਕਾ ਸਭ ਤੋਂ ਮਹੱਤਵਪੂਰਨ ਸੀ, ਜਿਸ ਦੀ ਸਾਰੀ ਲੀਡਰਸ਼ਿਪ ਦੋ ਦਿਨ ਸੈਮੀਨਾਰ ਵਿਚ ਹਾਜਰ ਰਹੀ। ਅਕਾਡਮੀ ਦੇ ਇਸ ਉੱਦਮ ਨੇ ਇਸ ਸਮਾਗਮ ਰਾਹੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਵਿਚਾਰਾਂ ਨੂੰ ਅਕਾਦਮਿਕ ਅਤੇ ਸਾਹਿਤਕ ਨਜ਼ਰੀਏ ਤੋਂ ਚਰਚਾ ਵਿੱਚ ਲਿਆਂਦਾ। ਪੰਜਾਬੀ ਲੇਖਕ ਸਭਾ, ਸਿਰਸਾ ਨੇ ਸਥਾਨਕ ਪੱਧਰ 'ਤੇ ਸਾਰੇ ਪ੍ਰਬੰਧਨ ਵਿਚ ਮੁੱਖ ਭੂਮਿਕਾ ਨਿਭਾਈ, ਜੋ ਲੇਖਕਾਂ ਅਤੇ ਚਿੰਤਕਾਂ ਨੂੰ ਨਾਲ ਜੋੜ ਕੇ ਅਜਿਹੇ ਉਪਰਾਲੇ ਕਰਦੀ ਰਹਿੰਦੀ ਹੈ ਅਤੇ ਖੇਤਰ ਵਿੱਚ ਪੰਜਾਬੀ ਸੱਭਿਆਚਾਰ ਨੂੰ ਉਤਸ਼ਾਹਿਤ ਕਰਦੀ ਹੈ। ਸਭ ਤੋਂ ਵੱਡੀ ਭੂਮਿਕਾ ਪੰਜਾਬੀ ਵਿਭਾਗ, ਸਰਕਾਰੀ ਨੈਸ਼ਨਲ ਕਾਲਜ, ਸਿਰਸਾ ਦੇ ਪ੍ਰਿੰਸੀਪਲ ਪ੍ਰੋ. ਹਰਜਿੰਦਰ ਸਿੰਘ ਅਤੇ ਪੰਜਾਬੀ ਵਿਭਾਗ ਦੇ ਮੁਖੀ ਡਾ. ਹਰਵਿੰਦਰ ਸਿੰਘ ਸਿਰਸਾ ਨੇ ਨਿਭਾਈ। ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਪੰਜਾਬੀ ਵਿਭਾਗਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸ਼ਾਮਲ ਕਰਕੇ ਸਮਾਗਮ ਨੂੰ ਅਕਾਦਮਿਕ ਗੰਭੀਰਤਾ ਪ੍ਰਦਾਨ ਕੀਤੀ ਗਈ। ਸੈਮੀਨਾਰ ਦੌਰਾਨ ਕੁੱਲ ਛੇ ਸੈਸ਼ਨਾਂ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਖੋਜ-ਪੱਤਰਾਂ, ਵਿਚਾਰ-ਵਟਾਂਦਰੇ ਅਤੇ ਕਵੀ ਦਰਬਾਰ ਸ਼ਾਮਲ ਸਨ। ਇਸ ਸੈਮੀਨਾਰ ਵਿੱਚ ਹਰਿਆਣਾ, ਪੰਜਾਬ, ਚੰਡੀਗੜ੍ਹ, ਦਿੱਲੀ ਅਤੇ ਰਾਜਸਥਾਨ ਤੋਂ ਚਾਰ ਸੌ ਦੇ ਕਰੀਬ ਵਿਦਿਆਰਥੀ, ਖੋਜਾਰਥੀ, ਲੇਖਕ ਅਤੇ ਪ੍ਰਬੁੱਧ ਵਿਅਕਤੀ ਲਗਾਤਾਰ ਦੋ ਦਿਨ ਸ਼ਾਮਿਲ ਰਹੇ। ਸਿਰਸਾ ਜ਼ਿਲ੍ਹੇ ਦੀਆਂ ਵੱਖ-ਵੱਖ ਸਾਹਿਤ ਸਭਾਵਾਂ ਦੀ ਸ਼ਮੂਲੀਅਤ ਨਾਲ ਸੈਮੀਨਾਰ ਦੀ ਰੌਣਕ ਅਤੇ ਗੰਭੀਰਤਾ ਵਿਚ ਹੋਰ ਵੀ ਵਾਧਾ ਹੋਇਆ।

ਉਦਘਾਟਨੀ ਸੈਸ਼ਨ ਦੇ ਪ੍ਰਧਾਨਗੀ ਮੰਡਲ ਵਿਚ ਉਚੇਰੀ ਸਿੱਖਿਆ ਵਿਭਾਗ, ਹਰਿਆਣਾ ਦੇ ਜੁਆਇੰਟ ਡਾਇਰੈਕਟਰ ਡਾ. ਸੁਖਵਿੰਦਰ ਸਿੰਘ, ਸਰਕਾਰੀ ਨੈਸ਼ਨਲ ਕਾਲਜ, ਸਿਰਸਾ ਦੇ ਪ੍ਰਿੰਸੀਪਲ ਪ੍ਰੋ. ਹਰਜਿੰਦਰ ਸਿੰਘ, ਪੰਜਾਬੀ ਅਕਾਦਮੀ, ਦਿੱਲੀ ਦੇ ਸਾਬਕਾ ਸਕੱਤਰ ਸ੍ਰੀ ਗੁਰਭੇਜ ਸਿੰਘ ਗੁਰਾਇਆ, ਸਿਰਸੇ ਦੇ ਪ੍ਰਸਿੱਧ ਸਮਾਜਸੇਵੀ ਸ. ਸੁਰਿੰਦਰ ਸਿੰਘ ਵੈਦਵਾਲਾ, ਡਾ. ਸੰਦੀਪ ਸਿੰਘ ਮੁੰਡੇ (ਸ੍ਰੀ ਗੰਗਾਨਗਰ), ਡਾ. ਗੁਰਪ੍ਰੀਤ ਕੌਰ (ਦਿੱਲੀ), ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ, ਪੰਜਾਬੀ ਲੇਖਕ ਸਭਾ, ਸਿਰਸਾ ਦੇ ਪ੍ਰਧਾਨ ਪਰਮਾਨੰਦ ਸ਼ਾਸਤਰੀ ਅਤੇ ਸੈਮੀਨਾਰ ਦੇ ਕਨਵੀਨਰ ਡਾ. ਹਰਵਿੰਦਰ ਸਿੰਘ ਸਿਰਸਾ ਸ਼ਾਮਿਲ ਸਨ। ਸੈਮੀਨਾਰ ਦਾ ਮੁੱਖ ਸੁਰ ਭਾਸ਼ਣ ਦੇਂਦੇ ਹੋਏ ਉਦਘਾਟਨੀ ਸੈਸ਼ਨ ਦੇ ਮੁੱਖ ਮਹਿਮਾਨ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਾਬਕਾ ਪ੍ਰਧਾਨ, ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਅਤੇ ਪ੍ਰਬੁੱਧ ਚਿੰਤਕ ਡਾ. ਸੁਖਦੇਵ ਸਿੰਘ ਸਿਰਸਾ ਨੇ ਗੁਰੂ ਤੇਗ ਬਹਾਦਰ ਜੀ ਨੂੰ ਭਿੰਨ ਧਾਰਮਿਕ ਅਕੀਦਿਆਂ ਵਾਲੇ ਫਿਰਕੇ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਜ਼ਾਲਿਮ ਸੱਤਾ ਨੂੰ ਚੁਣੌਤੀ ਦੇਣ ਵਾਲੇ ਅਦੁੱਤੀ ਰਹਿਬਰ ਵਜੋਂ ਚਿਤਵਿਆ। ਉਹਨਾਂ ਨੇ ਗੁਰੂ ਜੀ ਦੀਆਂ ਲੰਮੀਆਂ ਯਾਤਰਾਵਾਂ ਅਤੇ ਸ਼ਬਦਾਂ ਰਾਹੀਂ ਲੋਕਾਂ ਵਿੱਚ ਭੈ-ਮੁਕਤ ਚੇਤਨਾ ਜਗਾਉਣ ਦੀ ਗੱਲ ਕੀਤੀ। ਉਹਨਾਂ ਕਿਹਾ ਕਿ ਗੁਰੂ ਜੀ ਦੀ ਸ਼ਹਾਦਤ ਅਜੋਕੇ ਸਮੇਂ ਵਿੱਚ ਫ਼ਿਰਕਾਪ੍ਰਸਤੀ ਅਤੇ ਸਮਾਜੀ ਵਿਤਕਰੇ ਨੂੰ ਰੋਕਣ ਲਈ ਇੱਕ ਮਜ਼ਬੂਤ ਆਧਾਰ ਪ੍ਰਦਾਨ ਕਰਦੀ ਹੈ, ਜਿੱਥੇ ਬਹੁ-ਸਭਿਆਚਾਰਕ ਸਮਾਜਾਂ ਵਿੱਚ ਆਪਸੀ ਸਹਿ-ਹੋਂਦ ਨੂੰ

ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

ਹਾਜ਼ਰੀਨ ਨੂੰ ਜੀ ਆਇਆਂ ਆਖਦਿਆਂ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਆਪਣੇ ਸੰਬੋਧਨ ਵਿੱਚ ਗੁਰੂ ਜੀ ਦੇ ਵਿਚਾਰਾਂ ਨੂੰ ਅਜੋਕੇ ਦੌਰ ਵਿੱਚ ਹੋਰ ਵੀ ਪ੍ਰਸੰਗਿਕ ਮੰਨਦਿਆਂ ਕਿਹਾ ਕਿ ਗੁਰੂ ਸਾਹਿਬ ਦੇ ਵਿਚਾਰਾਂ 'ਤੇ ਪਹਿਰਾ ਦਿੰਦੇ ਹੋਏ ਵੱਖਰਤਾਵਾਂ ਨੂੰ ਆਪਣੀ ਤਾਕਤ ਬਣਾਕੇ ਨਿਆਂ ਲਈ ਅਵਾਜ਼ ਉਠਾਈ ਜਾਣੀ ਅਜੋਕੇ ਸਮਿਆਂ ਦੀ ਵੱਡੀ ਲੋੜ ਹੈ। ਅਕਾਡਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਸੈਮੀਨਾਰ ਦੇ ਦੋਹਾਂ ਦਿਨਾਂ ਦੀ ਰੂਪਰੇਖਾ ਪੇਸ਼ ਕੀਤੀ। ਸੈਸ਼ਨ ਦਾ ਸੰਚਾਲਨ ਸਰਕਾਰੀ ਨੈਸ਼ਨਲ ਕਾਲਜ, ਸਿਰਸਾ ਦੇ ਪੰਜਾਬੀ ਵਿਭਾਗ ਦੇ ਮੁਖੀ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਮੀਤ ਪ੍ਰਧਾਨ ਅਤੇ ਸੈਮੀਨਾਰ ਦੇ ਕਨਵੀਨਰ ਡਾ. ਹਰਵਿੰਦਰ ਸਿੰਘ ਸਿਰਸਾ ਨੇ ਕੀਤਾ। ਧੰਨਵਾਦੀ ਮਤਾ ਪੰਜਾਬੀ ਲੇਖਕ ਸਭਾ, ਸਿਰਸਾ ਦੇ ਪ੍ਰਧਾਨ ਪਰਮਾਨੰਦ ਸ਼ਾਸਤਰੀ ਨੇ ਪੇਸ਼ ਕੀਤਾ।

ਦੂਸਾਰੇ ਸੈਸ਼ਨ ਦੀ ਪ੍ਰਧਾਨਗੀ ਡਾ. ਸਤਨਾਮ ਸਿੰਘ ਜੱਸਲ (ਬਠਿੰਡਾ) ਨੇ ਕੀਤੀ ਅਤੇ ਉਚੇਰੀ ਸਿੱਖਿਆ ਵਿਭਾਗ, ਹਰਿਆਣਾ ਦੇ ਜੁਆਇੰਟ ਡਾਇਰੈਕਟਰ ਡਾ. ਸੁਖਵਿੰਦਰ ਸਿੰਘ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸੈਸ਼ਨ ਵਿਚ ਸਰਕਾਰੀ ਕਾਲਜ (ਲੜਕੀਆਂ) ਸਿਰਸਾ ਦੇ ਮਨੋਵਿਗਿਆਨ ਵਿਭਾਗ ਦੇ ਸੇਵਾਮੁਕਤ ਮੁਖੀ ਡਾ. ਦਲਜੀਤ ਸਿੰਘ ਅਤੇ ਸੇਵਾਮੁਕਤ ਪ੍ਰਿੰਸੀਪਲ ਸ਼੍ਰੀ ਅਰਵੇਲ ਸਿੰਘ ਵਿਰਕ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਇਹਨਾਂ ਤੋਂ ਇਲਾਵਾ ਇਸ ਸੈਸ਼ਨ ਵਿਚ ਸਰਕਾਰੀ ਕਾਲਜ, ਮਿੱਠੀ ਸੁਰੇਰਾਂ (ਐਲਨਾਬਾਦ) ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਜੋਗਿੰਦਰ ਸਿੰਘ ਅਤੇ ਸਰਕਾਰੀ ਕਾਲਜ (ਲੜਕੀਆਂ), ਸਿਰਸਾ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਪ੍ਰੀਤ ਕੌਰ ਵੀ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਰਹੇ। ਇਸ ਸੈਸ਼ਨ ਵਿਚ ਗੁਰੂ ਹਰਗੋਬਿੰਦ ਸਾਹਿਬ ਪੀਜੀ ਕਾਲਜ, ਸ਼੍ਰੀ ਗੰਗਾਨਗਰ ਦੇ ਪ੍ਰਿੰਸੀਪਲ ਡਾ. ਸੰਦੀਪ ਸਿੰਘ ਮੁੰਡੇ ਤੇ ਸ਼੍ਰੀ ਗੁਰੂ ਤੇਗ ਬਹਾਦਰ ਖ਼ਾਲਸਾ ਕਾਲਜ, ਦਿੱਲੀ ਦੇ ਪੰਜਾਬੀ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਗੁਰਪ੍ਰੀਤ ਕੌਰ ਨੇ ਆਪਣੇ ਪਰਚਿਆਂ ਰਾਹੀਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੇ ਵੱਖ-ਵੱਖ ਪਹਿਲੂਆਂ ਨੂੰ ਉਜਾਗਰ ਕੀਤਾ। ਧੰਨਵਾਦੀ ਮਤਾ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਮੀਤ ਪ੍ਰਧਾਨ ਡਾ. ਗੁਰਚਰਨ ਕੌਰ ਕੋਚਰ ਨੇ ਪੇਸ਼ ਕੀਤਾ ਅਤੇ ਇਸ ਸੈਸ਼ਨ ਦਾ ਸੰਚਾਲਨ ਪੰਜਾਬੀ ਵਿਭਾਗ, ਸਰਕਾਰੀ ਨੈਸ਼ਨਲ ਕਾਲਜ, ਸਿਰਸਾ ਦੇ ਪੰਜਾਬੀ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਡਾ. ਅਨੀਤਾ ਮੜੀਆ ਨੇ ਕੀਤਾ।

ਤੀਸਰਾ ਸੈਸ਼ਨ ਕਾਮਰੇਡ ਸੁਵਰਨ ਸਿੰਘ ਵਿਰਕ ਦੀ ਪ੍ਰਧਾਨਗੀ ਹੇਠ ਹੋਇਆ। ਪ੍ਰੋ. ਬਲਦੇਵ ਸਿੰਘ ਬੱਲੀ, ਸੇਵਾਮੁਕਤ ਡੀ ਪੀ ਆਰ ਓ ਪੰਜਾਬ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸੈਸ਼ਨ ਵਿਚ ਸ਼੍ਰੀ ਗੁਰੂ ਹਰੀ ਸਿੰਘ ਕਾਲਜ, ਸ਼੍ਰੀ ਜੀਵਨ ਨਗਰ (ਸਿਰਸਾ) ਦੇ ਸੇਵਾਮੁਕਤ ਪ੍ਰਿੰਸੀਪਲ ਡਾ. ਬੂਟਾ ਸਿੰਘ ਵਿਰਕ ਅਤੇ ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ ਦੇ ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਇਹਨਾਂ ਤੋਂ ਇਲਾਵਾ ਇਸ ਸੈਸ਼ਨ ਵਿਚ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਮੀਤ ਪ੍ਰਧਾਨ ਸ਼੍ਰੀ ਜਸਪਾਲ ਮਾਨਖੇੜਾ ਅਤੇ ਪੰਜਾਬੀ ਸਾਹਿਤ ਸਭਾ, ਅੰਮ੍ਰਿਤਸਰ ਕਲਾਂ (ਸਿਰਸਾ) ਦੇ ਪ੍ਰਧਾਨ ਮਾ. . ਮੁਖਤਿਆਰ ਸਿੰਘ ਚੱਠਾ ਵੀ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਰਹੇ। ਇਸ ਸੈਸ਼ਨ ਵਿਚ ਡਾ. ਹਰਮੀਤ ਕੌਰ (ਰਾਣੀਆਂ) ਨੇ 'ਸ਼੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ: ਸਮਾਜ ਅਤੇ ਸਮਾਜਕਤਾ ਵਿਸ਼ੇ ਤੇ ਪਰਚਾ ਪੜ੍ਹਿਆ। ਦੂਸਰਾ ਪੇਪਰ ਡਾ. ਚਰਨਦੀਪ ਸਿੰਘ ਭਦੌੜ ਨੇ ਪੇਸ਼ ਕੀਤਾ। ਆਪਣਾ ਪਰਚਾ ਪੇਸ਼ ਕਰਦੇ ਹੋਏ ਡਾ. ਚਰਨਦੀਪ ਸਿੰਘ ਭਦੌੜ ਨੇ ਕਿਹਾ ਕਿ ਅਸੀਂ ਭਾਵਨਾਵਾਂ ਵਿਚ ਬਹਿ ਕੇ ਫਲਸਫ਼ੇ ਤੋਂ ਦੂਰ ਚਲੇ ਜਾਂਦੇ ਹਾਂ, ਇਸ ਲਈ ਸਿਧਾਂਤ ਤੇ ਵਿਹਾਰ ਵਿਚ ਵੱਡਾ ਪਾੜਾ ਹੈ। ਇਕੱਲੀ ਭਾਵੁਕਤਾ ਠੀਕ ਨਹੀਂ ਸਗੋਂ ਚਿੰਤਨ ਦੀ ਵੱਡੀ ਜ਼ਰੂਰਤ ਹੈ। ਵਿਸ਼ੇਸ਼ ਮਹਿਮਾਨ ਵਜੋਂ ਆਪਣੇ ਸੰਬੋਧਨ ਵਿਚ ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ ਦੇ ਜਨਰਲ ਸਕੱਤਰ ਡਾ. ਕੁਲਦੀਪ ਦੀਪ ਨੇ ਕਿਹਾ ਕਿ ਸਾਨੂੰ ਇਤਿਹਾਸ ਦਾ ਅਧਿਐਨ ਵਰਤਮਾਨ ਸਮੇਂ ਵਿਚ ਉਸਦੀ ਪ੍ਰਸੰਗਿਕਤਾ ਵਿਚ ਕਰਨਾ ਚਾਹੀਦਾ ਹੈ। ਮੱਧਕਾਲ ਵਿਚ ਜਦੋਂ ਯੂਰਪ ਵਿਚ ਇਹ ਗੈਰ ਜਰੂਰੀ ਸਿਧਾਂਤ 'ਜਿਸਦਾ ਰਾਜ ਉਸੇ ਦਾ ਧਰਮ ਇਸ ਲਈ ਥੋਪਿਆ ਗਿਆ ਕਿਉਂਕਿ ਉਹ ਸਮਾਜ ਨੂੰ ਹੋਮੋਜੀਨੀਅਸ (ਇਕ-ਰੰਗਾ) ਬਣਾਉਣਾ ਚਾਹੁੰਦੇ ਸਨ। ਉਸ ਸਮੇਂ ਵਿਚ ਵੀ ਪ੍ਰਬੁੱਧ ਲੋਕ, ਭਾਵੇਂ ਉਹ ਗਿਣਤੀ ਵਿਚ ਥੋੜ੍ਹੇ ਸਨ ਸਮਾਜ ਨੂੰ ਹੈਟਰੋਜੀਨੀਅਸ (ਬਹੁਰੰਗਾ) ਬਣਾਈ ਰੱਖਣ ਲਈ ਲੜ ਰਹੇ ਸਨ ਅਤੇ ਮੌਜੂਦ ਵੱਖਰਤਾਵਾਂ ਦਾ ਸਤਿਕਾਰ ਕਰ ਰਹੇ ਸਨ। ਦੁਨੀਆ ਵਿਚ ਵੱਖਰਤਾ ਹੈ, ਇਹ ਹੀ ਇਸ ਦੀ ਖ਼ਾਸੀਅਤ ਹੈ। ਅਜੋਕੇ ਸਮੇਂ ਵਿਚ ਅਸਹਿਮਤੀ ਨੂੰ ਅਪਰਾਧ ਬਣਾ ਦਿੱਤਾ ਗਿਆ ਹੈ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਵੀ ਇਸੇ ਪ੍ਰਸੰਗ ਵਿਚ ਦੇਖਣ ਦੀ ਲੋੜ ਹੈ। ਉਹਨਾਂ ਨੇ ਇਸੇ ਸੰਦਰਭ ਵਿਚ ਕੁਝ ਨਾਟਕਾਂ ਦੇ ਹਵਾਲਿਆਂ ਨਾਲ ਦਲੀਲ ਦਿੰਦੇ ਹੋਏ ਕਿਹਾ ਕਿ ਸਾਨੂੰ ਅਜੋਕੇ ਸਮੇਂ ਵਿਚ ਅਸਲੀ ਨਾਇਕ ਲੱਭਣ ਦੀ ਜ਼ਰੂਰਤ ਹੈ। ਇਸ ਸੈਸ਼ਨ ਵਿਚ ਧੰਨਵਾਦੀ

ਮਤਾ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਮੀਤ ਪ੍ਰਧਾਨ ਡਾ. ਅਰਵਿੰਦਰ ਕੌਰ ਕਾਕੜਾ ਨੇ ਪੇਸ਼ ਕੀਤਾ ਅਤੇ ਸੰਚਾਲਨ ਦਾ ਪ੍ਰਬੰਧਕੀ ਬੋਰਡ ਦੇ ਮੈਂਬਰ ਸ਼੍ਰੀਮਤੀ ਨਰਿੰਦਰ ਪਾਲ ਕੌਰ ਨੇ ਕੀਤਾ।

ਚੌਥੇ ਸੈਸ਼ਨ ਵਿਚ ਸ਼੍ਰੀ ਗੁਰੂ ਤੇਗ ਬਹਾਦਰ ਜੀ ਨੂੰ ਸਮਰਪਿਤ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਇਸ ਸੈਸ਼ਨ ਦੀ ਪ੍ਰਧਾਨਗੀ ਪ੍ਰੋ. ਸੁਰਜੀਤ ਜੱਜ, ਡਾ. ਬਲਵਿੰਦਰ ਸਿੰਘ ਮੋਹਾਲੀ, ਸ਼੍ਰੀ ਨਵਤੇਜ ਗੜ੍ਹਦੀਵਾਲਾ ਅਤੇ ਡਾ. ਹਰੀ ਸਿੰਘ ਜਾਚਕ ਉਪਰ ਆਧਾਰਿਤ ਪ੍ਰਧਾਨਗੀ ਮੰਡਲ ਨੇ ਕੀਤੀ ਅਤੇ ਸਰਕਾਰੀ ਨੈਸ਼ਨਲ ਕਾਲਜ, ਸਿਰਸਾ ਦੇ ਇਤਿਹਾਸ ਵਿਭਾਗ ਦੇ ਸੇਵਾਮੁਕਤ ਮੁਖੀ ਡਾ. ਨਿਰਮਲ ਸਿੰਘ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸੈਸ਼ਨ ਵਿਚ ਸਿਰਸਾ ਦੇ ਸਮਾਜਸੇਵੀ ਸ. ਰਾਜਪਾਲ ਸਿੰਘ ਅਤੇ ਡਾ. ਗੁਰਪ੍ਰੀਤ ਸਿੰਘ ਸਿੰਧਰਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਇਹਨਾਂ ਤੋਂ ਇਲਾਵਾ ਇਸ ਸੈਸ਼ਨ ਵਿਚ ਸੀਐਮਕੇ ਨੈਸ਼ਨਲ ਪੀਜੀ ਕਾਲਜ, ਸਿਰਸਾ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਨਛੱਤਰ ਸਿੰਘ, ਡਾ. ਖ਼ੁਸ਼ਨਸੀਬ ਗੁਰਬਖ਼ਸ਼ੀਸ਼ ਕੌਰ, ਡਾ. ਰਿਪੁਦਮਨ ਸ਼ਰਮਾ ਤੇ ਸ਼੍ਰੀਮਤੀ ਛਿੰਦਰ ਕੌਰ ਸਿਰਸਾ ਵੀ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਰਹੇ। ਇਸ ਸੈਸ਼ਨ ਦਾ ਸੰਚਾਲਨ ਪੰਜਾਬੀ ਲੇਖਕ ਸਭਾ, ਸਿਰਸਾ ਦੇ ਸਕੱਤਰ ਸ਼੍ਰੀ ਸੁਰਜੀਤ ਸਿੰਘ ਸਿਰੜੀ ਨੇ ਕੀਤਾ। ਕਵੀ ਦਰਬਾਰ ਵਿਚ ਪ੍ਰੋ. ਸੁਰਜੀਤ ਜੱਜ, ਨਵਤੇਜ ਗੜ੍ਹਦੀਵਾਲਾ, ਡਾ. ਬਲਵਿੰਦਰ ਸਿੰਘ ਮੋਹਾਲੀ, ਡਾ. ਗੁਰਚਰਨ ਕੌਰ ਕੋਚਰ, ਡਾ. ਹਰੀ ਸਿੰਘ ਜਾਚਕ, ਡਾ. ਨਿਰਮਲ ਸਿੰਘ, ਡਾ. ਗੁਰਪ੍ਰੀਤ ਸਿੰਘ ਸਿੰਧਰਾ, ਲਖਵਿੰਦਰ ਸਿੰਘ ਬਾਜਵਾ, ਭੁਪਿੰਦਰ ਪੰਨੀਵਾਲੀਆ, ਭਗਵੰਤ ਸਿੰਘ ਸੇਠੀ, ਸੁਰਜੀਤ ਸਿੰਘ ਸਿਰੜੀ, ਹਰਦੇਵ ਸਿੰਘ ਪੁਰੇਵਾਲ, ਕਰਨੈਲ ਸਿੰਘ ਅਸਪਾਲ, ਸੁਭਾਸ਼ ਸੋਲੰਕੀ, ਪੂਰਨ ਸਿੰਘ ਨਿਰਾਲਾ, ਪਰਵੀਨ ਸ਼ਰਮਾ, ਜਸਵੀਰ ਸਿੰਘ ਮੌਜੀ, ਡਾ. ਖ਼ੁਸ਼ਨਸੀਬ ਗੁਰਬਖ਼ਸ਼ੀਸ਼ ਕੌਰ, ਰਿਪੁਦਮਨ ਸ਼ਰਮਾ, ਛਿੰਦਰ ਕੌਰ ਸਿਰਸਾ, ਮੁਖਤਿਆਰ ਸਿੰਘ ਚੱਠਾ, ਹਰਜੀਤ ਸਿੰਘ ਦੇਸੂਮਲਕਾਣਾ, ਸ਼ਾਮ ਲਾਲ ਸ਼ਾਸਤਰੀ, ਪੁਰਸ਼ੋਤਮ ਸ਼ਾਸਤਰੀ, ਕੁਲਵਿੰਦਰ ਸਿੰਘ ਸੰਧੂ ਆਦਿ ਨੇ ਆਪਣੀਆਂ ਰਚਨਾਵਾਂ ਦਾ ਪਾਠ ਕੀਤਾ। ਇਸ ਕਵੀ ਦਰਬਾਰ ਨੇ ਸੈਮੀਨਾਰ ਨੂੰ ਸਿਰਜਣਾਤਮਕ ਰੰਗਤ ਪ੍ਰਦਾਨ ਕਰ ਦਿੱਤੀ। ਕਵੀਆਂ ਨੇ ਆਪਣੀਆਂ ਰਚਨਾਵਾਂ ਦੇ ਪਾਠ ਰਾਹੀਂ ਗੁਰੂ ਜੀ ਦੇ ਸੁਨੇਹੇ ਨੂੰ ਭਾਵੁਕ ਅਤੇ ਕਲਾਤਮਕ ਰੂਪ ਵਿੱਚ ਪੇਸ਼ ਕੀਤਾ। ਧੰਨਵਾਦੀ ਮਤਾ ਸ਼੍ਰੀ ਭੁਪਿੰਦਰ ਪੰਨੀਵਾਲੀਆ ਨੇ ਪੇਸ਼ ਕੀਤਾ।

ਅਗਲੇ ਦਿਨ, 5 ਅਕਤੂਬਰ ਨੂੰ ਸੈਮੀਨਾਰ ਦੇ ਦੂਜੇ ਦਿਨ ਦੇ ਪਹਿਲੇ ਅਤੇ ਸੈਮੀਨਾਰ ਦੇ ਪੰਜਵੇਂ ਸੈਸ਼ਨ ਦੀ ਪ੍ਰਧਾਨਗੀ ਪੰਜਾਬੀ ਦੇ ਸਮਰੱਥ ਕਵੀ ਅਤੇ ਪ੍ਰਬੁੱਧ ਚਿੰਤਕ ਡਾ. ਰਤਨ ਸਿੰਘ ਢਿੱਲੋਂ ਨੇ ਕੀਤੀ ਅਤੇ ਭਾਈ ਘਨ੍ਹਈਆ ਮਾਨਵ ਸੇਵਾ ਟਰੱਸਟ, ਸਿਰਸਾ ਦੇ ਮੁੱਖ ਸੇਵਾਦਾਰ ਪਦਮਸ਼੍ਰੀ ਭਾਈ ਗੁਰਵਿੰਦਰ ਸਿੰਘ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ । ਇਹਨਾਂ ਤੋਂ ਇਲਾਵਾ ਡਾ. ਗੁਰਚਰਨ ਕੌਰ ਕੋਚਰ, ਪ੍ਰੋ. ਗੁਰਦੇਵ ਸਿੰਘ ਦੇਵ, ਡਾ. ਕਰਨੈਲ ਚੰਦ ਅਤੇ ਚੌਧਰੀ ਦੇਵੀ ਲਾਲ ਯੂਨੀਵਰਸਿਟੀ, ਸਿਰਸਾ ਦੇ ਪੰਜਾਬੀ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਗੁਰਸਾਹਿਬ ਸਿੰਘ ਵੀ ਇਸ ਸੈਸ਼ਨ ਵਿਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਰਹੇ। ਇਸ ਸੈਸ਼ਨ ਵਿਚ ਖ਼ਾਲਸਾ ਤ੍ਰੈਸ਼ਤਾਬਦੀ ਸਰਕਾਰੀ ਕਾਲਜ, ਰਤੀਆ ਦੇ ਪੰਜਾਬੀ ਵਿਭਾਗ ਦੇ ਮੁਖੀ ਡਾ. ਬੀਰਬਲ ਸਿੰਘ ਅਤੇ ਸਰਕਾਰੀ ਨੈਸ਼ਨਲ ਕਾਲਜ, ਸਿਰਸਾ ਦੇ ਪੰਜਾਬੀ ਵਿਭਾਗ ਦੇ ਪ੍ਰੋ. ਅਮਨਦੀਪ ਕੌਰ ਨੇ ਗੁਰੂ ਜੀ ਦੀ ਬਾਣੀ ਨੂੰ ਅਧਿਆਤਮਿਕ ਅਤੇ ਸਮਾਜਿਕ ਨਜ਼ਰੀਏ ਤੋਂ ਪੇਸ਼ ਕੀਤਾ। ਉਹਨਾਂ ਆਪਣੇ ਪਰਚਿਆਂ ਰਾਹੀਂ ਦੱਸਿਆ ਕਿ ਗੁਰੂ ਤੇਗ ਬਹਾਦਰ ਦੀ ਬਾਣੀ ਤੋਂ ਮਨੁੱਖ ਨੂੰ ਜ਼ੁਲਮ ਵਿਰੁੱਧ ਲੜਨ ਦੀ ਪ੍ਰੇਰਣਾ ਮਿਲਦੀ ਹੈ। ਗੁਰੂ ਜੀ ਦੇ ਸ਼ਬਦ ਅਜੋਕੇ ਡਿਜੀਟਲ ਯੁੱਗ ਵਿੱਚ ਵੀ ਸੂਚਨਾਵਾਂ ਦੀ ਸਮਾਜ ਨੂੰ ਜੋੜਨ ਲਈ ਵਰਤੋਂ ਕਰਨ ਦੀ ਸਿੱਖਿਆ ਦਿੰਦੇ ਹਨ। ਅੱਜ ਫੇਕ ਨਿਊਜ਼ ਅਤੇ ਡਰ ਨੂੰ ਦੂਰ ਕਰਨ ਲਈ ਸੱਚਾਈ ਦੇ ਲੜ ਲੱਗਣ ਦੀ ਲੋੜ ਹੈ। ਵਿਸ਼ੇਸ਼ ਮਹਿਮਾਨ ਵਜੋਂ ਆਪਣੇ ਸੰਬੋਧਨ ਵਿਚ ਪ੍ਰੋ. ਗੁਰਸਾਹਿਬ ਸਿੰਘ ਨੇ ਕਿਹਾ ਕਿ ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਪਰਵਾਸ ਸਦਕਾ ਹਰ ਮੁਲਕ ਬਹੁ-ਕੌਮੀ ਮੁਲਕ ਬਣ ਚੁੱਕਾ ਹੈ ਅਤੇ ਹਰ ਕੌਮ ਬਹੁ ਰਾਸ਼ਟਰੀ। ਅਜਿਹੇ ਦੌਰ ਵਿਚ ਦੂਸਰਿਆਂ ਦੀਆਂ ਭਾਵਨਾਵਾਂ ਦਾ ਸਤਿਕਾਰ ਨਾ ਕਰਨ ਕਾਰਨ ਬਹੁਤ ਸਾਰੀਆਂ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਬਹੁਤ ਸਾਰੇ ਦੇਸ਼ਾਂ ਵਿਚ ਦੇਸੀ ਅਤੇ ਵਿਦੇਸ਼ੀ ਦੇ ਆਪਸੀ ਵਿਵਾਦ ਉਪਜ ਰਹੇ ਹਨ। ਇਹਨਾਂ ਸਮਿਆਂ ਅੰਦਰ ਗੁਰੂ ਸਾਹਿਬ ਦੀ ਸ਼ਹਾਦਤ ਸਮੁੱਚੀ ਲੋਕਾਈ ਨੂੰ ਅਗਵਾਈ ਪ੍ਰਦਾਨ ਕਰਦੀ ਹੈ ਜਿਨ੍ਹਾਂ ਨੇ ਆਪਣੇ ਤੋਂ ਵੱਖਰੀ ਸੋਚ ਰੱਖਣ ਵਾਲਿਆਂ ਦੇ ਮਨੁੱਖੀ ਅਧਿਕਾਰਾਂ ਲਈ ਆਪਣਾ ਆਪਾ ਕੁਰਬਾਨ ਕਰ ਦਿੱਤਾ। ਇਸ ਸੈਸ਼ਨ ਦੇ ਮੁੱਖ ਮਹਿਮਾਨ ਭਾਈ ਘਨ੍ਹਈਆ ਮਾਨਵ ਸੇਵਾ ਟਰੱਸਟ ਦੇ ਮੁੱਖ ਸੇਵਾਦਾਰ ਭਾਈ ਗੁਰਵਿੰਦਰ ਸਿੰਘ ਨੇ ਗੁਰੂ ਜੀ ਨੂੰ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਡਟਣ ਵਾਲੇ ਦੱਸਦਿਆਂ ਕਿਹਾ ਕਿ ਉਹਨਾਂ ਦੀ ਸ਼ਹਾਦਤ ਨੂੰ ਕਿਸੇ ਇੱਕ ਧਰਮ ਨਾਲ ਜੋੜਨਾ ਗਲਤ ਹੈ।

ਹਾਕਮ ਜਮਾਤਾਂ ਗੁਰੂ ਜੀ ਦੀ ਸ਼ਹਾਦਤ ਨੂੰ ਆਪਣੇ ਸੌੜੇ ਸਿਆਸੀ ਹਿਤਾਂ ਲਈ ਵਰਤਣਾ ਚਾਹੁੰਦੀਆਂ ਹਨ। ਅਜੋਕੇ ਦੌਰ ਵਿਚ ਨਿਜ਼ੀ ਆਜ਼ਾਦੀ 'ਤੇ ਹਮਲੇ ਨੂੰ ਰੋਕਣ ਲਈ ਗੁਰੂ ਜੀ ਦੀ ਬਾਣੀ ਸਹੀ ਸੇਧ ਪ੍ਰਦਾਨ ਕਰਨ ਦੇ ਸਮਰੱਥ ਹੈ। ਅੱਜ ਦੇ ਵਿਸ਼ਵੀਕਰਨ ਦੇ ਦੌਰ ਵਿਚ ਬਹੁ-ਕੌਮੀ ਸਮਾਜਾਂ ਅੰਦਰ ਗੁਰੂ ਜੀ ਦੀ ਵਿਚਾਰਧਾਰਾ ਪੀੜਤਾਂ ਅਤੇ ਘੱਟ ਗਿਣਤੀਆਂ ਦੇ ਹੱਕ ਵਿਚ ਖੜ੍ਹਨ ਲਈ ਕੁੱਲ ਲੋਕਾਈ ਦਾ ਰਾਹ ਰੁਸ਼ਨਾਉਂਦੀ ਹੈ। ਉਹਨਾਂ ਕਿਹਾ ਕਿ ਸਮਾਜ ਵਿਚ ਭਾਈਚਾਰੇ ਅਤੇ ਮਾਨਵਤਾਵਾਦੀ ਵਿਚਾਰਾਂ ਦਾ ਪ੍ਰਚਾਰ ਪ੍ਰਸਾਰ ਕਰਨਾ ਅਤਿਅੰਤ ਜ਼ਰੂਰੀ ਹੈ। ਇਸ ਸੈਸ਼ਨ ਵਿਚ ਧੰਨਵਾਦੀ ਮਤਾ ਪ੍ਰਿੰਸੀਪਲ ਹਰਜਿੰਦਰ ਸਿੰਘ ਨੇ ਪੇਸ਼ ਕੀਤਾ ਅਤੇ ਸੰਚਾਲਨ ਡਾ. . ਹਰਵਿੰਦਰ ਸਿੰਘ ਸਿਰਸਾ ਨੇ ਕੀਤਾ।

ਛੇਵੇਂ ਅਤੇ ਆਖਰੀ ਸੈਸ਼ਨ ਦੀ ਪ੍ਰਧਾਨਗੀ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਸਾਬਕਾ ਮੀਤ ਪ੍ਰਧਾਨ, ਪ੍ਰਸਿੱਧ ਪੰਜਾਬੀ ਸ਼ਾਇਰ ਪ੍ਰੋ. ਸੁਦਰਸ਼ਨ ਗਾਸੋ ਨੇ ਕੀਤੀ ਅਤੇ ਪ੍ਰਸਿੱਧ ਸ਼ਾਇਰ ਤੇ ਪ੍ਰਗਤੀਸ਼ੀਲ ਲੇਖਕ ਸੰਘ, ਪੰਜਾਬ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ ਨੇ ਮੁੱਖ-ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸੈਸ਼ਨ ਵਿਚ ਡਾ. ਬੀ ਆਰ. ਅੰਬੇਡਕਰ ਸਰਕਾਰੀ ਕਾਲਜ, ਡੱਬਵਾਲੀ ਦੇ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਦਿਲਰਾਜ ਸਿੰਘ ਤੇ ਪ੍ਰਸਿੱਧ ਹਿੰਦੀ ਗਲਪਕਾਰ ਅਤੇ ਕਵੀ ਪ੍ਰੋ. ਹਰਭਗਵਾਨ ਚਾਵਲਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ। ਇਹਨਾਂ ਤੋਂ ਇਲਾਵਾ ਡਾ. ਹਰੀ ਸਿੰਘ ਜਾਚਕ, ਹਰਵਿੰਦਰ ਸਿੰਘ ਸਿਰਸਾ ਅਤੇ ਮਾਸਟਰ ਬੂਟਾ ਸਿੰਘ ਵੀ ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਰਹੇ। ਚੁਨਿੰਦਾ ਖੋਜ-ਪੱਤਰਾਂ ਦੀ ਪੇਸ਼ਕਾਰੀ ਵਾਲੇ ਇਸ ਸੈਸ਼ਨ ਲਈ ਚਾਲੀ ਖੋਜਾਰਥੀਆਂ ਨੇ ਆਪਣੀ ਰਜਿਸਟਰੇਸ਼ਨ ਕਰਵਾਈ। ਇਹਨਾਂ ਵਿੱਚੋਂ ਸਰਕਾਰੀ ਕਾਲਜ, ਹੁਸ਼ਿਆਰਪੁਰ ਦੇ ਅਸਿਸਟੈਂਟ ਪ੍ਰੋਫੈਸਰ ਸਵਰਨਦੀਪ ਸਿੰਘ, ਪੰਜਾਬੀ ਯੂਨੀਵਰਸਿਟੀ ਕਾਲਜ, ਘੁੱਦਾ (ਬਠਿੰਡਾ) ਦੇ ਅਸਿਸਟੈਂਟ ਪ੍ਰੋਫੈਸਰ ਹਰਵਿੰਦਰ ਕੌਰ, ਦਿੱਲੀ ਯੂਨੀਵਰਸਿਟੀ, ਦਿੱਲੀ ਦੇ ਖੋਜਾਰਥੀ ਹਰਜਿੰਦਰ ਸਿੰਘ ਅਤੇ ਮਾਤਾ ਸੁੰਦਰੀ ਯੂਨੀਵਰਸਿਟੀ ਗਰਲਜ਼ ਕਾਲਜ, ਮਾਨਸਾ ਦੇ ਅਸਿਸਟੈਂਟ ਪ੍ਰੋਫੈਸਰ ਅਵਤਾਰ ਸਿੰਘ ਨੇ ਖੋਜ-ਪੱਤਰਾਂ ਦੀ ਪੇਸ਼ਕਾਰੀ ਕੀਤੀ। ਇਹਨਾਂ ਖੋਜ ਪਤਰਾਂ ਦਾ ਸਾਰ ਇਹੋ ਰਿਹਾ ਕਿ ਗੁਰੂ ਜੀ ਦੀ ਵਿਚਾਰਧਾਰਾ ਸਾਨੂੰ ਸਿਖਾਉਂਦੀ ਹੈ ਕਿ ਮਨੁੱਖੀ ਅਧਿਕਾਰ ਅਤੇ ਨਿਆਂ ਦੀ ਲੜਾਈ ਵਿੱਚ ਹਰ ਵਿਅਕਤੀ ਦੀ ਭੂਮਿਕਾ ਅਹਿਮ ਹੈ। ਇਸ ਸੈਸ਼ਨ ਦਾ ਸੰਚਾਲਨ ਦਿੱਲੀ ਯੂਨੀਵਰਸਿਟੀ, ਦਿੱਲੀ ਦੇ ਖੋਜਾਰਥੀ ਤੇ ਪੰਜਾਬੀ ਅਧਿਆਪਕ ਬਹਾਦਰ ਸਿੰਘ ਨੇ ਕੀਤਾ। ਸਮਾਪਨ ਸਮੇਂ ਸਥਾਨਕ ਸੰਸਥਾਵਾਂ ਵੱਲੋਂ ਮਾਸਟਰ ਬੂਟਾ ਸਿੰਘ ਤੇ ਅਕਾਡਮੀ ਵੱਲੋਂ ਡਾ. ਹਰਵਿੰਦਰ ਸਿੰਘ ਸਿਰਸਾ ਨੇ ਸੈਮੀਨਾਰ ਨੂੰ ਸਫ਼ਲ ਬਣਾਉਣ ਲਈ ਹਾਜ਼ਰੀਨ ਅਤੇ ਸਭਨਾਂ ਸੰਬੰਧਤ ਸਹਿਯੋਗੀ ਧਿਰਾਂ ਪ੍ਰਤੀ ਦਿਲੀ ਧੰਨਵਾਦ ਦਾ ਇਜ਼ਹਾਰ ਕੀਤਾ।

ਸੈਮੀਨਾਰ ਦੇ ਵੱਖ-ਵੱਖ ਸੈਸ਼ਨਾਂ ਵਿਚ ਪੁਸਤਕਾਂ ਦਾ ਲੋਕ-ਅਰਪਣ ਕੀਤਾ ਗਿਆ ਅਤੇ ਇਸ ਮੌਕੇ ਕੈਫ਼ੇ ਵਰਲਡ ਅਤੇ ਤਸਵੀਰ ਪ੍ਰਕਾਸ਼ਨ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਗਈ। ਹਰ ਸੈਸ਼ਨ ਵਿਚ ਬਿਰਾਜਮਾਨ ਪ੍ਰਧਾਨਗੀ ਮੰਡਲ, ਮਹਿਮਾਨਾਂ, ਬੁਲਾਰਿਆਂ ਅਤੇ ਵਲੰਟੀਅਰਾਂ ਨੂੰ ਯਾਦ-ਚਿਨ੍ਹ ਭੇਂਟ ਕਰਕੇ ਨਿਵਾਜਿਆ ਗਿਆ।

ਇਸ ਦੋ ਰੋਜ਼ਾ ਰਾਸ਼ਟਰੀ ਸੈਮੀਨਾਰ ਵਿਚ ਸਰਵਸ਼੍ਰੀ ਕੇਸਰਾ ਰਾਮ ਕਹਾਣੀਕਾਰ, ਰਣਜੀਤ ਰਾਣਾ, ਮਲਕੀਤ ਸਿੰਘ ਖੋਸਾ, ਰਮੇਸ਼ ਮਹਿਤਾ ਐਡਵੋਕੇਟ, ਗੁਰਜੀਤ ਸਿੰਘ ਮਾਨ, ਡਾ. ਸੱਜਣ ਕੁਮਾਰ, ਡਾ. ਵੇਦ ਪਾਲ ਆਰੀਆ, ਡਾ. ਗੁਰਚਰਨ ਸਿੰਘ ਸੰਧੂ, ਕਾ. ਹਰਦੇਵ ਸਿੰਘ ਸੰਧੂ, ਹਰਜਿੰਦਰ ਸਿੰਘ ਭੰਗੂ, ਗੁਰਤੇਜ ਸਿੰਘ ਬਰਾੜ ਐਡਵੋਕੇਟ, ਡਾ. ਹਰਵਿੰਦਰ ਕੌਰ, ਸਤਵੰਤ ਕੌਰ, ਸੁਖਦੇਵ ਸਿੰਘ ਵੜੈਚ, ਮਹਿਲ ਸਿੰਘ ਸੰਧੂ, ਜਗਦੇਵ ਫੋਗਾਟ, ਕ੍ਰਿਸ਼ਨਾ ਫੰਗਾਟ, ਸੁਖਦੇਵ ਸਿੰਘ ਢਿੱਲੋਂ, ਹਰਜੀਤ ਸਿੰਘ ਵਹਿਮੀ, ਲਾਜ ਪੁਸ਼ਪ, ਮਾਨ ਸਿੰਘ, ਡਾ. ਸੋਨੀਆ ਰਾਣੀ, ਡਾ. ਅੰਮ੍ਰਿਤਪਾਲ ਸਿੰਘ, ਦਵਿੰਦਰ ਸਿੰਘ, ਬਲਦੇਵ ਸਿੰਘ, ਹਰਦੇਵ ਸਿੰਘ ਧੰਜਲ, ਪ੍ਰੀਤਮ ਸਿੰਘ, ਮੋਨਿਕਾ ਰਾਣੀ, ਡਾ. ਸ਼ੇਰ ਚੰਦ, ਸੁਰੇਸ਼ ਬਰਨਵਾਲ, ਸਿੰਘ ਸੰਧੂ, ਬਾਜ ਸਿੰਘ ਸੰਘਰ, ਡਾ ਮੰਗਾ ਰਾਮ, ਕੁਲਦੀਪ ਸਿਰਸਾ, ਸੁਰਜੀਤ ਸਿੰਘ ਰੈਣੂੰ, ਡਾ. ਸਰਵਜੀਤ ਸਿੰਘ ਰਤੀਆ, ਪ੍ਰੋ. ਜਸਪਾਲ ਰੋੜੀ, ਪ੍ਰਭੂ ਦਿਆਲ, ਮਾਲਕ ਸਿੰਘ ਭਾਵਦੀਨ, ਕੁਲਵੰਤ ਸਿੰਘ, ਅਨੀਸ਼ ਕੁਮਾਰ, ਸੁਸ਼ੀਲ ਪੁਰੀ, ਡਾ. ਹਰਦੇਵ ਸਿੰਘ, ਡਾ. ਬਿੱਕਰਜੀਤ ਸਿੰਘ, ਸੁਭਾਸ਼ ਜੋਧਪੁਰੀਆ, ਬਲਵਿੰਦਰ ਸਿੰਘ ਭੱਟੀ, ਸੋਹਣ ਸਿੰਘ ਸਿੱਧੂ, ਦਮਜੀਤ ਦਰਸ਼ਨ, ਤਜਿੰਦਰ ਲੋਹੀਆ, ਬਲਬੀਰ ਸਿੰਘ, ਨਿਰਮਲ ਸਿੰਘ ਫੌਜੀ, ਕਾ. ਜਗਰੂਪ ਸਿੰਘ ਚੌਬੁਰਜਾ, ਪਰਦੀਪ ਸਚਦੇਵਾ, ਟੋਨੀ ਸਾਗੂ, ਵੀਰ ਸਿੰਘ, ਰਮੇਸ਼ ਸੈਣੀ, ਮਨਮੋਹਨ ਸਿੰਘ, ਬੇਅੰਤ ਸਿੰਘ, ਛਿੰਦਰਪਾਲ ਸਿੰਘ, ਰਿਸ਼ੀ ਸੌਦਾ, ਜੈ ਰਾਮ, ਲੇਖਰਾਜ ਢੋਟ ਐਡਵੋਕੇਟ, ਅੰਸ਼ੁਲ ਛਤਰਪਤੀ, ਸਾਥੀ ਸੁਰਿੰਦਰ ਪਾਲ ਸਿੰਘ, ਡਾ. ਸਿਕੰਦਰ ਸਿੰਘ ਸਿੱਧੂ, ਰਮਨਦੀਪ ਮਾਨ, ਕਾ. ਪ੍ਰਿਤਪਾਲ ਸਿੰਘ, ਮਨਜੀਤ ਸਿੰਘ, ਕਾ. ਰਾਜ ਕੁਮਾਰ ਸ਼ੇਖੂਪੁਰੀਆ, ਕਾ. ਕ੍ਰਿਪਾ ਸ਼ੰਕਰ ਤ੍ਰਿਪਾਠੀ, ਓ.ਪੀ. ਸੁਥਾਰ, ਡਾ. ਹਰਰਤਨ ਸਿੰਘ ਗਾਂਧੀ, ਕਾ. ਤਿਲਕ ਰਾਜ ਵਿਨਾਇਕ, ਡਾ. ਸੁਖਦੇਵ ਸਿੰਘ

ਜੰਮੂ, ਨਛੱਤਰ ਸਿੰਘ ਸਾਬਕਾ ਸਰਪੰਚ, ਕੁਲਵੰਤ ਸਿੰਘ, ਸੁਰੇਸ਼ ਮਹਿਤਾ ਐਡਵੋਕੇਟ, ਬਲਦੇਵ ਸਿੰਘ ਓਟੂ, ਸਤਵੰਤ ਸਿੰਘ, ਭਜਨ ਲਾਲ, ਮੁਸਕਾਨ, ਸਿਮਰਨ, ਲਵਪ੍ਰੀਤ ਕੌਰ, ਅਮਨਦੀਪ ਕੌਰ, ਈਸ਼ਨਜੋਤ ਕੌਰ, ਅਨੂਰੀਤ ਸਿੰਘ, ਪੁਸ਼ਕਰ ਸਿੰਘ, ਕਾਮਰੇਡ ਬਲਜੀਤ ਬਿੱਟੂ ਮਲਿਕਪੁਰਾ, ਭਗਵਾਨ ਸਿੰਘ, ਜਸਵਿੰਦਰ ਸਿੰਘ, ਕਸ਼ਮੀਰ ਸਿੰਘ, ਸ਼ਮਸ਼ੇਰ ਸਿੰਘ ਆਦਿ ਸਮੇਤ ਹਰਿਆਣਾ, ਪੰਜਾਬ, ਚੰਡੀਗੜ੍ਹ, ਦਿੱਲੀ, ਰਾਜਸਥਾਨ ਆਦਿ ਇਲਾਕਿਆਂ ਤੋਂ ਚਾਰ ਸੌ ਦੇ ਕਰੀਬ ਵਿਦਿਆਰਥੀਆਂ, ਖੋਜਾਰਥੀਆਂ, ਅਧਿਆਪਕਾਂ ਅਤੇ ਵੱਖੋ-ਵੱਖ ਸੰਸਥਾਵਾਂ ਦੇ ਪ੍ਰਤੀਨਿਧ ਪ੍ਰਬੁੱਧਜਨ ਨੇ ਆਪਣੀ ਸ਼ਮੂਲੀਅਤ ਦਰਜ਼ ਕਰਵਾਈ।

**ਬੂਟਾ ਸਿੰਘ (ਸਿਰਸਾ)**

.......................................................

## ਸ੍ਰੀ ਸਤਿਗੁਰੂ ਜੀ ਮਰਹੂਮ ਗਾਇਕ ਰਾਜਵੀਰ ਜਵੰਦਾ ਦੇ ਪਰਿਵਾਰ ਨੂੰ ਮਿਲੇ

23 ਅਕਤੂਬਰ 2025 ਪਿਛਲੇ ਦਿਨੀਂ ਪੰਜਾਬ ਦਾ ਮਰਹੂਮ ਗਾਇਕ ਰਾਜਵੀਰ ਜਾਵੰਦਾ ਸੜਕ ਹਾਦਸੇ ਵਿਚ ਬੁਰੀ ਤਰ੍ਹਾਂ ਜਖਮੀ ਹੋ ਗਿਆ ਸੀ। ਇਲਾਜ ਦੌਰਾਨ ਅੱਠ ਅਕਤੂਬਰ ਨੂੰ ਅਕਾਲ ਚਲਾਨਾ ਕਰ ਗਿਆ। 35 ਸਾਲ ਦੀ ਉਮਰ ਦਾ ਇਹ ਨੌਜਵਾਨ ਪੰਜਾਬੀ ਗਾਇਕੀ ਵਿਚ



ਉੱਚਾ ਰੁਤਬਾ ਹਾਸਲ ਕਰ ਗਿਆ ਸੀ। ਬੇਵਕਤੀ ਮੌਤ ਕਾਰਨ ਉਸ ਦੇ ਸ੍ਰੋਤਿਆਂ ਅਤੇ ਚਾਹੁੰਣ ਵਾਲਿਆ ਨੂੰ ਵੱਡਾ ਧੱਕਾ ਲੱਗਾ। ਸ੍ਰੀ ਸਤਿਗੁਰੂ ਜੀ ਸ੍ਰੀ ਭੈਣੀ ਸਾਹਿਬ ਤੋਂ ਚੱਲ ਮੋਹਾਲੀ ਰਾਜਵੀਰ ਜਵੰਦੇ ਦੇ ਘਰ ਬਾਰਾਂ ਵਜੇ ਦੁਪਹਿਰੇ ਪਹੁੰਚੇ। ਸਾਰਾ ਪਰਿਵਾਰ ਨਤਮਸਤਕ ਹੋ ਵਿਛੜ ਚੁੱਕੀ ਰੂਹ ਦੀਆਂ ਗੱਲਾਂ ਸਤਿਗੁਰੂ ਜੀ ਨਾਲ ਸਾਂਝੀਆਂ ਕਰਦਾ ਰਿਹਾ। ਮਾਤਾ ਵਾਰ-ਵਾਰ ਆਪਣੇ ਪੁੱਤਰ ਦੀ ਗੱਲ ਕਰਦੀ ਗਲ ਭਰ ਲੈਂਦੀ। ਰਾਜਵੀਰ ਦੇ ਘਰੋਂ ਬੀਬੀ ਨੇ ਦੋਵਾਂ ਬੱਚਿਆਂ ਸਮੇਤ ਮੱਥਾ ਟੇਕਿਆ ਸਤਿਗੁਰੂ ਜੀ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ। ਮਾਤਾ ਨੇ ਦੱਸਿਆ ਸਾਡਾ ਘਰ (ਪੋਨਾ ਪਿੰਡ ਜਿਲ੍ਹਾਂ ਲੁਧਿਆਣਾ) ਕੂਕਿਆਂ ਦਾ ਘਰ ਵੱਜਦਾ ਹੈ। ਰਾਜਵੀਰ ਦੇ ਪੜਦਾਦਾ ਨਾਮਧਾਰੀ ਬਣਿਆ ਸਨ ਅਤੇ ਨਾਮਧਾਰੀ ਲਹਿਰ ਵਿਚ ਸੁਤੰਤਰਤਾ ਸੈਲਾਨੀ ਬਣਿਆ। ਉਹਨਾਂ ਕਿਹਾ ਉਹ ਅਕਸਰ ਸਟੇਜ ਤੋਂ ਨਾਮਧਾਰੀਆਂ ਨੂੰ ਦੇਖ ਕਹਿੰਦਾ ਸੀ ਮੈਂ ਵੀ ਕੂਕਿਆਂ ਦਾ ਮੁੰਡਾ ਹਾਂ। ਸਤਿਗੁਰੂ ਜੀ ਪਰਿਵਾਰ ਨੂੰ ਹੌਂਸਲਾ ਦਿੱਤਾ ਤੇ ਕਿਹਾ "ਭਾਣਾ ਮੰਨਣਾ ਹੀ ਸਾਡਾ ਕਰਤੱਬ ਹੈ, ਉਸ ਦੀ ਰਜ਼ਾ ਅੱਗੇ ਕੁਝ ਨਹੀਂ ਹੋ ਸਕਦਾ।" ਬੱਚਿਆਂ ਵੱਲ ਇਸ਼ਾਰਾ ਕਰ ਆਖਿਆ "ਇਹ ਉਸ ਦੀਆਂ ਨਿਸ਼ਾਨੀਆਂ ਹਨ ਇਹਨਾਂ ਲਈ ਅਰਦਾਸ ਹੈ ਸਤਿਗੁਰੂ ਇਨ੍ਹਾਂ ਨੂੰ ਉੱਤਮ ਮਨੁੱਖ ਬਣਾਏ।"

**ਸੰਪਾਦਕ**

.......................................................

## ਸ਼ੋਕ ਮਤਾ

ਨਾਮਧਾਰੀ ਪੰਜਾਬੀ ਸਾਹਿਤ ਸਭਾ ਦੇ ਪੁਰਾਣੇ ਤੇ ਉੱਘੇ ਕਵੀ ਹਰਭਜਨ ਸਿੰਘ ਸਿੰਘ ਜੀ ਪਰਵਾਨਾ ਦੇ ਸਦੀਵੀ ਵਿਛੋੜੇ ਤੇ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੀ ਹੋਈ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਅਰਦਾਸ ਕਰਦੀ ਹੈ ਕਿ ਉਹ



ਉਹਨਾ ਦੀ ਜੀਵ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ। ਪਰਵਾਨਾ ਜੀ ਸਭਾ ਦੇ ਪੁਰਾਣੇ ਉੱਘੇ ਮੈਂਬਰ ਅਤੇ ਬਹੁਤ ਵਧੀਆ ਕਵੀ ਸਨ। ਅੱਜ ਕੱਲ੍ਹ ਉਹ ਲੁਧਿਆਣਾ ਵਿਖੇ ਨਿਵਾਸ ਰੱਖ ਰਹੇ ਸਨ। ਉਹਨਾਂ ਦੇ ਜਾਣ ਤੇ ਸਭਾ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਸਤਿਗੁਰੂ ਜੀ ਉਹਨਾਂ ਦੀ ਜੀਵ ਆਤਮਾ ਨੂੰ ਸ਼ਾਂਤੀ ਬਖਸ਼ਣ।

ਲਖਵਿੰਦਰ ਸਿੰਘ ਬਾਜਵਾ, ਪ੍ਰਧਾਨ ਨਾਮਧਾਰੀ ਪੰਜਾਬੀ ਸਾਹਿਤ ਸਭਾ ਸ੍ਰੀ ਜੀਵਨ ਨਗਰ

.......................................................


## Matrimonial

Name - Amritpal Singh Sidhu
Religion - jatt sikh
Height - 5.6inch
Pursuing BBA in 2nd year
Property agriculture land 25 acre+
school business
No. 98784-82562


.......................................................

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਸੇਵਾ ਸਨਮਾਨ-ਪੱਤਰ

# ਸ. ਲਖਬੀਰ ਸਿੰਘ ਬੱਲੋਵਾਲੀਏ

## (ਪ੍ਰਧਾਨ ਨਾਮਧਾਰੀ ਸੰਗਤ ਸਿਰਸਾ)

ਅਜੋਕੇ ਪਾਕਿਸਤਾਨ ਅਤੇ ਪੱਛਮੀ ਪੰਜਾਬ ਦੇ ਜ਼ਿਲ੍ਹਾ ਸਿਆਲਕੋਟ ਵਿਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਨਾਮਧਾਰੀ ਸਿੱਖੀ ਦਾ ਬਹੁਤ ਵਿਸਥਾਰ ਹੋਇਆ ਸੀ। ਇਸੇ ਜ਼ਿਲ੍ਹੇ ਦੇ ਪਿੰਡ ਬੱਲੋਵਾਲੀ ਵਿਚ ਸ. ਸੰਤ ਸਿੰਘ ਜੀ ਨਾਮਧਾਰੀ ਮਰਿਆਦਾ ਦੇ ਧਾਰਨੀ, ਸ਼ਬਦ ਕੀਰਤਨ ਦੇ ਰਸੀਏ, ਗੁਰਸਿੱਖ ਪਰਿਵਾਰ ਨਾਲ ਸੰਬੰਧਿਤ ਸਨ। ਇਨ੍ਹਾਂ ਦੇ ਘਰੋਂ ਬੇਬੇ ਹਰ ਕੌਰ ਜੀ ਨੇ ਸਤਿਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਕੀਤੇ ਸਨ। ਸ. ਸੰਤ ਸਿੰਘ ਜੀ ਦੇ ਪੁੱਤਰ ਜਥੇਦਾਰ ਇੰਦਰ ਸਿੰਘ ਜੀ ਬੱਲੋਵਾਲੀਏ ਸਨ, ਜਿਹੜੇ ਦੇਸ਼ ਦੇ ਬਟਵਾਰੇ ਬਾਅਦ ਸਿਰਸਾ ਸ਼ਹਿਰ ਵਿਖੇ ਆ ਟਿਕੇ ਸਨ। ਉਹਨਾਂ ਨੇ ਆਪਣੀ ਲੜਕੀ ਦੇ ਘਰ ਵਾਲੀ ਜਗਹਾ ਲੈ ਕੇ ਇਥੇ ਨਾਮਧਾਰੀ ਗੁਰਦੁਆਰੇ ਦੀ ਸਥਾਪਨਾ ਕੀਤੀ। ਜਥੇਦਾਰ ਜੀ ਦਾ ਅਨੰਦ ਕਾਰਜ ਨਾਰੋਵਾਲ ਦੇ ਪਾਸ ਤਲਵੰਡੀ ਪਿੰਡ ਦੀ ਬੀਬੀ ਅੱਛਰ ਕੌਰ ਨਾਲ ਹੋਇਆ। ਆਪ ਜੀ ਇਸ ਗੁਰਦੁਆਰੇ ਵਿਚ ਅਤੇ ਸਿਰਸੇ ਦੇ ਆਲੇ ਦੁਆਲੇ ਦੇ ਨਗਰਾਂ ਵਿਚ ਵੀ ਇਕ ਧੜੱਲੇਦਾਰ ਨਾਮਧਾਰੀ ਜਥੇਦਾਰ ਜਿਉਂ ਵਿਖਿਆਤ ਸਨ।

ਜਥੇਦਾਰ ਇੰਦਰ ਸਿੰਘ ਜੀ ਦੇ ਤਿੰਨ ਪੁੱਤਰ ਅਤੇ ਪੰਜ ਪੁੱਤਰੀਆਂ ਹੋਈਆਂ। ਵੱਡਾ ਜਥੇਦਾਰ ਸੇਵਾ ਸਿੰਘ, ਸਿਰਸਾ ਸ਼ਹਿਰ ਦੇ ਅਨੇਕ ਸਮਾਜਿਕ, ਧਾਰਮਿਕ ਸੰਗਠਨਾਂ ਵਿਚ ਕਾਰਜ ਕਰਦਾ ਰਿਹਾ। ਉਹ ਵੀ ਦੀਵਾਨ ਲਾਇਆ ਕਰਦੇ ਸਨ। ਵਿਚਕ-ਾਰਲੇ ਸ. ਲਖਬੀਰ ਸਿੰਘ ਪ੍ਰਧਾਨ, ਨਾਮਧਾਰੀ ਸੰਗਤ ਸਿਰਸਾ ਹੀ ਤਿੰਨਾਂ ਵਿਚੋਂ ਜੀਵਿਤ ਹਨ। ਸਾਰਿਆਂ ਤੋਂ ਛੋਟੇ ਸ. ਜਗੀਰ ਸਿੰਘ ਸਨ। ਆਪ ਦੀ ਲੜਕੀ ਮੁਹਿੰਦਰ ਕੌਰ ਸੁਰਾਜ ਵਾਲਾ ਪਰਿਵਾਰ, ਜੋਗਿੰਦਰ ਕੌਰ, ਗੋਬਿੰਦ ਕੌਰ, ਸ. ਗੁਰਦੀਪ ਸਿੰਘ ਢੋਡਾ ਨਾਲ ਅਤੇ ਰਜਵੰਤ ਕੌਰ ਸ. ਸੁਲੱਖਣ ਸਿੰਘ ਪ੍ਰਧਾਨ ਦੇ ਛੋਟੇ ਭਰਾ ਨਾਲ ਸਾਰੀਆਂ ਦਿੱਲੀ ਅਤੇ ਸੁਰਿੰਦਰ ਕੌਰ ਸ਼ੇਰਕੋਟੀਆ ਪਰਿਵਾਰ ਸਿਰਸਾ ਵਿਆਹੀ ਸੀ।

ਪ੍ਰਧਾਨ ਲਖਬੀਰ ਸਿੰਘ ਜੀ ਦਾ ਜਨਮ ਮਈ 1947 ਵਿਚ ਬੱਲੋਵਾਲ ਵਿਖੇ ਹੋਇਆ ਸੀ। ਫਿਰ ਪਰਿਵਾਰ ਨਾਲ ਸਿਰਸੇ ਆ ਟਿਕੇ ਅਤੇ ਅੱਜ ਕੱਲ੍ਹ ਇਥੇ ਹੀ ਨਿਵਾਸ ਰੱਖਦੇ ਹਨ। ਸਰਕਾਰੀ ਹਾਇਰ ਸੈਕੰਡਰੀ ਸਕੂਲ ਸਿਰਸਾ ਤੋਂ ਆਪਣੇ ਦਸਵੀਂ ਤੱਕ ਪੜ੍ਹਾਈ ਕੀਤੀ। ਬੀਬੀ ਹਰਮੀਤ ਕੌਰ ਸਪੁੱਤਰੀ ਸ. ਮਿਹਰ ਸਿੰਘ ਝੰਗੀਵਾਲੇ, ਰਮੇਸ਼ ਨਗਰ ਦਿੱਲੀ ਨਾਲ ਆਪਦਾ ਅਨੰਦ ਕਾਰਜ ਹੋਇਆ। ਆਪ ਦੇ ਬੇਟੇ ਬਲਬੀਰ ਸਿੰਘ ਦਾ ਆਨੰਦ ਕਾਰਜ ਬੀਬੀ ਸਿਮਤੇਸ਼ਵਰ ਕੌਰ ਸਪੁੱਤਰੀ ਸ. ਬਲਦੇਵ ਸਿੰਘ ਨੇਤਾ ਜੀ ਦਿੱਲੀ ਨਾਲ ਹੋਇਆ। ਬੰਤਾ ਸਿੰਘ ਪੋਤਰਾ ਅਤੇ ਬਸੰਤ ਕੌਰ ਤੇ ਬਲਵੰਤ ਕੋਰ ਦੋ ਪੋਤਰੀਆਂ ਹਨ। ਪੁੱਤਰੀ ਮਨਜੀਤ ਕੌਰ, ਰੂਪਾਂ ਸ. ਟਹਿਲ ਸਿੰਘ ਦਿੱਲੀ ਨਾਲ ਵਿਆਹੀ ਹੈ। ਆਪ ਦਾ ਕਾਰੋਬਾਰ ਬਿਲਡਿੰਗ ਮੈਟੀਰੀਅਲ ਸਟੋਰ ਦਾ ਹੈ।

ਗੁਰੂ ਘਰ ਦੀ ਨਿਸ਼ਕਾਮ ਸੇਵਾ ਦੀ ਪ੍ਰੇਰਨਾ ਪਿਤਾ ਜਥੇਦਾਰ ਇੰਦਰ ਸਿੰਘ ਅਤੇ ਵੱਡੇ ਭਰਾ ਜਥੇਦਾਰ ਸੇਵਾ ਸਿੰਘ ਹੋਰਾਂ ਤੋਂ ਮਿਲੀ। ਸਤਿਗੁਰੂ ਪ੍ਰਤਾਪ ਸਿੰਘ ਜੀ, ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹੁਣ ਹਾਜਰਾ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਦੇ ਹਰ ਹੁਕਮ ਤੇ ਫੁੱਲ ਚੜ੍ਹਾਉਣ ਲਈ ਅੱਠੇ ਪਹਿਰ ਤਤਪਰ ਰਹਿੰਦੇ ਰਹੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਜਦੋਂ ਅਜੇ ਟੈਲੀਫੋਨ ਸੁਵਿਧਾ ਆਮ ਨਹੀਂ ਸੀ ਤਾਂ ਦੇਸਾਂ ਵਿਦੇਸ਼ਾਂ ਤੋਂ ਸਤਿਗੁਰੂ ਜੀ ਦੇ ਜੋ ਸੰਦੇਸ਼ ਆਪ ਪਾਸ ਫੋਨ ਤੇ ਆਉਂਦੇ ਉਹਨਾਂ ਨੂੰ ਤੁਰੰਤ ਇਲਾਕਾ ਜੀਵਨ ਨਗਰ ਦੇ ਸੰਬੰਧਿਤ ਵਿਅਕਤੀਆਂ ਤੱਕ ਪੁਚਾਉਂਦੇ। ਸਾਰੇ ਹੀ ਸਤਿਗੁਰੂ ਸਾਹਿਬਾਨ ਸਿਰਸਾ ਵਿਖੇ ਇਸ ਪਰਿਵਾਰ ਦੀ ਰਿਹਾਇਸ਼ ਨੂੰ ਆਪਣੀ ਚਰਨ ਛੋਹ ਨਾਲ ਨਿਵਾਜਦੇ ਆ ਰਹੇ ਹਨ। ਪ੍ਰਧਾਨ ਲਖਬੀਰ ਸਿੰਘ ਜੀ ਦੇ ਸ਼ੌਕ, ਸਤਿਗੁਰੂ ਜੀ ਦਾ ਹਰ ਹੁਕਮ ਮੰਨਣਾ, ਸ਼ਬਦ ਕੀਰਤਨ ਸੁਣਨਾ ਅਤੇ ਰੋਜ਼ਾਨਾ ਡਾਇਰੀ ਲਿਖਣਾ ਹੈ।

ਸਤਿਗੁਰੂ ਜੀ ਦੇ ਹੁਕਮ ਅਨੁਸਾਰ 1982 ਤੋਂ ਪ੍ਰਧਾਨ ਜੀ ਨਾਮਧਾਰੀ ਸੰਗਤ ਦੀ ਸੇਵਾ ਨਿਭਾਉਂਦੇ ਆ ਰਹੇ ਹਨ। ਜਦੋਂ ਹੁਕਮ ਅਨੁਸਾਰ ਗੁਰਦੁਆਰੇ ਦੀ ਨਵੀਂ ਇਮਾਰਤ ਬਨਾਉਣੀ ਸੀ ਤਾਂ ਆਪ ਕਹਿੰਦੇ ਹਨ ਕਿ ਪਤਾ ਹੀ ਨਹੀਂ ਲੱਗਾ ਕਿੱਥੋਂ-ਕਿੱਥੋਂ ਮਾਇਆ ਆਈ ਗਈ ਤੇ ਸਾਰਾ ਕਾਜ ਨਿਰਵਿਘਨ ਸੰਪੂਰਨ ਹੋਇਆ। ਹੁਣ 78 ਸਾਲ ਦੀ ਉਮਰ ਵਿਚ ਵੀ ਉਹ ਹਰ ਸੇਵਾ ਕਾਰਜ ਨਾ ਸਾਜ਼ ਸਿਹਤ ਹੋਣ ਦੇ ਬਾਵਜੂਦ ਵੀ ਉਸੇ ਉਤਸ਼ਾਹ ਨਾਲ ਕਰਨਾ ਲੋਚਦੇ ਹਨ। ਸਤਿਗੁਰੂ ਜੀ ਦੀ ਪ੍ਰਧਾਨ ਜੀ ਅਤੇ ਜਥੇਦਾਰ ਇੰਦਰ ਸਿੰਘ ਪਰਿਵਾਰ ਤੇ ਇਸੇ ਤਰ੍ਹਾਂ ਕਿਰਪਾ ਬਣੀ ਰਹੇ।

ਅੱਸੂ ਦਾ ਮੇਲਾ ਸੰਮਤ 2082 ਬਿਕਰਮੀ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਕਰ ਕਮਲਾਂ ਦੁਆਰਾ ਸੰਤ ਲਖਬੀਰ ਸਿੰਘ ਜੀ ਨੂੰ ਸੇਵਾ ਸਨਮਾਨ ਨਾਲ ਨਿਵਾਜੇ ਜਾਣ ਤੇ ਨਾਮਧਾਰੀ ਸੰਗਤ ਗੌਰਵੰਤ ਮਹਿਸੂਸ ਕਰਦੀ ਹੈ।

ਅੱਸੂ ਦਾ ਮੇਲਾ
੧ ਕੱਤਕ ੨੦੮੨
17 ਅਕਤੂਬਰ 2025

ਸਥਾਨ:
ਸ੍ਰੀ ਭੈਣੀ ਸਾਹਿਬ,
ਲੁਧਿਆਣਾ (ਪੰਜਾਬ)

## ਸ੍ਰੀ ਸਤਿਗੁਰੂ ਜੀ ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਲੀ ਸੈਂਚੀ ਦਾ ਦੂਸਰਾ ਐਡੀਸ਼ਨ ਸੰਗਤ ਨੂੰ ਅਰਪਨ ਕਰਦੇ ਹੋਏ ।




## ਪੁਸਤਕ ਰੀਲੀਜ












Date of Publication: 06 November 2025
Date of Posting: 08 November 2025

RNI NO.55658/93
LDM/008/2021-2023



Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.